


# ਮਹਿਕ-ਏ-ਵਤਨ

# Mehak Ewattan

Fortnightly Newspaper





Hardev Brar
Chief Editor



• Vol-III • Issue- 02 • Phone : +64,274-427-338 +64 9 3900004 • www.mehakewattan.com • February 2025



03
UK ‘ਚ ਹਜ਼ਾਰਾਂ ਭਾਰਤੀਆਂ ਨੂੰ ਮਿਲੇਗੀ ਮੁਫ਼ਤ ਐਂਟਰੀ ਤੇ ਵਰਕ ਵੀਜ਼ਾ





07
ਉੱਤਰ-ਪੱਛਮੀ ਆਸਟ੍ਰੇਲੀਆ ‘ਚ ਹੜ੍ਹ ਦੀ ਚੇਤਾਵਨੀ ਜਾਰੀ





13
ਹੁਣ ਬਾਲੀਵੁੱਡ ‘ਚ ਧਮਾਲਾਂ ਪਾਉਣ ਲਈ ਤਿਆਰ ਹੈ ਇਹ ਵਾਇਰਲ ਗਰਲ





15
ਮਹਾਕੁੰਭ ‘ਚ ਬਣਿਆ ਰਿਕਾਰਡ, 50 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਲਾਈ ਆਸਥਾ ਦੀ ਡੁੱਬਕੀ




## ਟਰੰਪ ਨੇ ਜੈਵਿਕ ਈਂਧਣ ਦਾ ਉਤਪਾਦਨ ਵਧਾਉਣ ਲਈ ਕਾਰਜਕਾਰੀ ਆਦੇਸ਼ ‘ਤੇ ਕੀਤੇ ਦਸਤਖਤ



ਵਾਸ਼ਿੰਗਟਨ - ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਇਕ ਕਾਰਜਕਾਰੀ ਆਦੇਸ਼ ‘ਤੇ ਦਸਤਖਤ ਕੀਤੇ, ਜਿਸ ਵਿਚ ਜੈਵਿਕ ਈਂਧਨ ਦੇ ਉਤਪਾਦਨ ਅਤੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਇੱਕ ਨਵੀਂ ਕੌਂਸਲ ਦੀ ਸਥਾਪਨਾ ਦੀ ਵਿਵਸਥਾ ਹੈ। ਇਹ ਆਦੇਸ਼ ਟਰੰਪ ਪ੍ਰਸ਼ਾਸਨ ਦੀ ਊਰਜਾ ਨੀਤੀ ਦਾ ਹਿੱਸਾ ਹੈ, ਜਿਸਦਾ ਉਦੇਸ਼ ਅਮਰੀਕੀ ਊਰਜਾ ਉਤਪਾਦਨ ਨੂੰ ਵਧਾਉਣਾ ਅਤੇ ਦੇਸ਼ ਨੂੰ ਊਰਜਾ ਸੁਤੰਤਰਤਾ ਵੱਲ ਲਿਜਾਣਾ ਹੈ। ਨਿਰਯਾਤ ਲਈ ਅੰਸ਼ਕ ਤੌਰ ‘ਤੇ ਅਮਰੀਕੀ ਘਰੇਲੂ ਤੇਲ ਅਤੇ ਗੈਸ ਉਤਪਾਦਨ ਨੂੰ ਵਧਾਉਣ ਦਾ ਕੰਮ, ਨੈਸ਼ਨਲ ਐਨਰਜੀ ਡੋਮੀਨੈਂਸ ਕੌਂਸਲ ਦੀ ਪ੍ਰਧਾਨਗੀ ਗ੍ਰਹਿ ਸਕੱਤਰ ਡਗਲਸ ਜੇਮਸ ਬਰਗਮ ਕਰਨਗੇ।

ਬਰਗਮ ਨੇ ਕਿਹਾ ਕਿ ਰਾਸ਼ਟਰਪਤੀ ਨੇ ਇਸ ਤੋਂ ਇਕ ਦਿਨ ਪਹਿਲਾਂ ਇੱਕ ਲਾਇਸੈਂਸ ‘ਤੇ ਦਸਤਖਤ ਕੀਤੇ, ਜਿਸ ਨਾਲ ਅਮਰੀਕਾ ਦੇ ਲੁਈਸਿਆਨਾ ਰਾਜ ਵਿਚ ਕਾਮਨਵੈਲਥ LNG ਨੂੰ ਤਰਲ ਕੁਦਰਤੀ ਗੈਸ (LNG) ਨਿਰਯਾਤ ਕਰਨ ਦੀ ਆਗਿਆ ਮਿਲੇਗੀ। ਇਹ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ 2024 ਦੇ ਸ਼ੁਰੂ ਤੱਕ ਇਜਾਜ਼ਤਾਂ ਨੂੰ ਰੋਕਣ ਤੋਂ ਬਾਅਦ ਪਹਿਲੀ ਲ਼ੰਘ ਨਿਰਯਾਤ ਪ੍ਰਵਾਨਗੀ ਹੈ। ਇਸ ਮੌਕੇ ‘ਤੇ ਬੋਲਦਿਆਂ ਟਰੰਪ ਨੇ ਕਿਹਾ ਕਿ ਲਗਭਗ 635 ਮਿਲੀਅਨ ਏਕੜ (2.57 ਮਿਲੀਅਨ ਵਰਗ ਕਿਲੋਮੀਟਰ) ਆਫਸ਼ੋਰ ਫੈਡਰਲ ਪਾਣੀ ਹੁਣ ਤੇਲ ਅਤੇ ਗੈਸ ਵਿਕਾਸ ਲਈ ਖੁੱਲ੍ਹਾ ਹੈ, ਜਿਸ ਨਾਲ ਨਵੇਂ ਆਫਸ਼ੋਰ ਤੇਲ ਅਤੇ ਗੈਸ ਡ੍ਰਿਲਿੰਗ ‘ਤੇ ਬਾਈਡੇਨ ਦੁਆਰਾ ਆਦੇਸ਼ ਦਿੱਤੇ ਗਏ ਪਾਬੰਦੀ ਨੂੰ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਤੁਸੀਂ ਇਸਨੂੰ ਕਿਸੇ ਕੰਪਨੀ ਦੇ ਦ੍ਰਿਸ਼ਟੀਕੋਣ ਤੋਂ ਦੇਖੋ, ਤਾਂ ਤੁਸੀਂ ਨੈੱਟ ਵਰਥ ਬਾਰੇ ਗੱਲ ਕਰਦੇ ਹੋ। ਉਨ੍ਹਾਂ ਨੇ ਸਾਡੀ ਨੈੱਟ ਵਰਥ ਨੂੰ ਤਬਾਹ ਕਰ ਦਿੱਤਾ ਹੈ।

ਅਸੀਂ ਇਸਨੂੰ ਵਾਪਸ ਲਿਆ ਰਹੇ ਹਾਂ। ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਹ ਕਾਰਜਕਾਰੀ ਆਦੇਸ਼ ਅਮਰੀਕੀ ਅਰਥਵਿਵਸਥਾ ਨੂੰ ਹੁਲਾਰਾ ਦੇਣ ਅਤੇ ਦੇਸ਼ ਨੂੰ ਊਰਜਾ ਸੁਤੰਤਰਤਾ ਵੱਲ ਲਿਜਾਣ ਵਿੱਚ ਮਦਦ ਕਰੇਗਾ।

## ਆਸਟ੍ਰੇਲੀਆ ‘ਚ ਰਿਟਾਇਰਡ ASI ਦੇ ਪੁੱਤ ਦੀ ਮੌਤ

ਸੁਲਤਾਨਪੁਰ ਲੋਧੀ – ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ ਹਾਈਵੇ ’ਤੇ ਟਰੱਕ ਦੇ ਪਲਟਣ ਕਾਰਨ ਬਲਾਕ ਸੁਲਤਾਨਪੁਰ ਲੋਧੀ ਅਧੀਨ ਪੈਂਦੇ ਪਿੰਡ ਠੱਟਾ ਨਵਾਂ ਦੇ ਨੌਜਵਾਨ ਦੀ ਮੌਤ ਹੋਣ ਦਾ ਦੁਖ਼ਦਾਈ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਆਸਟ੍ਰੇਲੀਆ ਤੋਂ ਪਰਿਵਾਰਕ ਸੂਤਰ ਪਰਮਿੰਦਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਟਰੱਕ ਵਿਚ ਇਮਾਰਤੀ ਸਮੱਗਰੀ ਲੋਡ ਕੀਤੀ ਹੋਈ ਸੀ। ਇਸ ਦੌਰਾਨ ਨੌਜਵਾਨ ਟਰੱਕ ਲੈ ਕੇ ਹਾਈਵੇ ’ਤੇ ਜਾ ਰਿਹਾ ਸੀ ਕਿ ਅਚਾਨਕ 12 ਤੇ 13 ਫਰਵਰੀ ਦੀ ਦਰਮਿਆਨੀ ਰਾਤ ਸਮੇਂ ਉਸ ਦਾ ਟਰੱਕ ਪਲਟ ਗਿਆ। ਇਹੀ ਨਹੀਂ, ਇਸ ਮਗਰੋਂ ਦੂਜੇ ਪਾਸੇ ਤੋਂ ਆ ਰਿਹਾ ਇਕ ਹੋਰ ਟਰੱਕ ਵੀ ਇਸ ਨਾਲ ਟਕਰਾਅ ਗਿਆ।

ਹਾਦਸੇ ਦੀ ਜਾਣਕਾਰੀ ਮਿਲਦਿਆਂ ਹੀ ਪੁਲਸ ਟੀਮ ਮੌਕੇ ’ਤੇ ਪਹੁੰਚੀ ਤੇ ਬਚਾਅ ਕਾਰਜ ਚਾਲੂ ਕੀਤੇ ਗਏ। ਕਾਫ਼ੀ ਮੁਸ਼ੱਕਤ ਮਗਰੋਂ ਟਰੱਕ ਦੇ ਡਰਾਈਵਰ ਸਤਬੀਰ ਸਿੰਘ ਥਿੰਦ ਪੁੱਤਰ ਤਰਸੇਮ ਸਿੰਘ ਰਿਟਾਇਰਡ ਸਬ ਇੰਸਪੈਕਟਰ ਪਿੰਡ ਠੱਟਾ ਨਵਾਂ (ਹਾਲ ਵਾਸੀ ਕਪੂਰਥਲਾ) ਨੂੰ ਬਾਹਰ ਕੱਢਿਆ ਗਿਆ, ਜਿਸ ਦੀ ਬਦਕਿਸਮਤੀ ਨਾਲ ਮੌਕੇ ’ਤੇ ਹੀ ਮੌਤ ਹੋ ਚੁੱਕੀ ਸੀ।



ਪਰਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਸਤਬੀਰ ਸਿੰਘ ਥਿੰਦ ਦਾ ਪੋਸਟਮਾਰਟਮ ਕਰਨ ਉਪਰੰਤ ਲਾਸ਼ ਨੂੰ ਭਾਰਤ ਭੇਜਣ ਲਈ ਵਿਚਾਰ ਕੀਤੀ ਜਾ ਰਹੀ ਹੈ। ਪਿੰਡ ਠੱਟਾ ਨਵਾਂ ਦੇ ਸਰਪੰਚ ਸੁਖਵਿੰਦਰ ਸਿੰਘ ਸੌਂਦ ਬਲਾਕ ਪ੍ਰਧਾਨ, ਆਪ ਆਗੂ ਦਲਜੀਤ ਸਿੰਘ ਲਾਲੀ, ਚਰਨਜੀਤ ਸਿੰਘ ਮੋਮੀ, ਸਵਰਨ ਸਿੰਘ ਦੋਹਾ ਕਤਰ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਸਤਬੀਰ ਸਿੰਘ ਦੀ ਮ੍ਰਿਤਕ ਦੇਹ ਮਾਪਿਆਂ ਤੱਕ ਪਹੁੰਚਾਉਣ ਲਈ ਪ੍ਰਬੰਧ ਕੀਤੇ ਜਾਣ।


Rubal Singh

Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz

Ray White Manukau | AT Realty Limited Licensed (REAA 2008)


## ਅਮਰੀਕਾ ਤੋਂ ਇਕ ਨਹੀਂ 2 ਜਹਾਜ਼ਾਂ ‘ਚ ਆ ਰਹੇ ਡਿਪੋਰਟ ਹੋਏ ਪੰਜਾਬੀ

ਅੰਮ੍ਰਿਤਸਰ : ਡੋਨਾਲਡ ਟਰੰਪ ਸਰਕਾਰ ਇੱਕ ਵਾਰ ਫਿਰ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨਾਲ ਭਰਿਆ ਜਹਾਜ਼ ਅਮਰੀਕਾ ਤੋਂ ਭਾਰਤ ਭੇਜ ਰਹੀ ਹੈ।

ਪਹਿਲਾ ਜਹਾਜ਼ ਸ਼ਨੀਵਾਰ ਰਾਤ 10.15 ਵਜੇ ਅੰਮ੍ਰਿਤਸਰ ‘ਚ ਉਤਰੇਗਾ। 119 ਗੈਰ-ਕਾਨੂੰਨੀ ਪਰਵਾਸੀ ਭਾਰਤੀਆਂ ਵਾਲੇ ਇਸ ਜਹਾਜ਼ ਵਿੱਚ ਪੰਜਾਬ ਦੇ 67, ਹਰਿਆਣਾ ਦੇ 33, ਗੁਜਰਾਤ ਦੇ 8, ਯੂਪੀ ਦੇ 3, ਮਹਾਰਾਸ਼ਟਰ-ਰਾਜਸਥਾਨ ਤੋਂ 2-2 ਅਤੇ ਹਿਮਾਚਲ-ਜੰਮੂ-ਕਸ਼ਮੀਰ ਤੋਂ 1-1 ਲੋਕ ਸਵਾਰ ਹੋਣਗੇ।

ਇਸ ਤੋਂ ਇਕ ਦਿਨ ਬਾਅਦ ਭਾਵ ਐਤਵਾਰ ਨੂੰ ਇਕ ਹੋਰ ਜਹਾਜ਼ 10.15 ਵਜੇ ਲੈਂਡ ਕਰੇਗਾ। ਇਸ ਵਿੱਚ ਪੰਜਾਬ ਦੇ 31 ਲੋਕ ਹੋਣਗੇ। ਇਸ ਦੇ ਨਾਲ ਹੀ ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾ



ਇਕ ਜਹਾਜ਼ 5 ਫਰਵਰੀ ਨੂੰ ਆਇਆ ਸੀ। ਇਸ ਵਿੱਚ 104 ਭਾਰਤੀਆਂ ਨੂੰ ਸੰਗਲ ਵਿੱਚ ਪਾ ਕੇ ਡਿਪੋਰਟ ਕੀਤਾ ਗਿਆ ਸੀ।

ਇਸ ਵਿੱਚ ਸਭ ਤੋਂ ਵੱਧ 33-33 ਲੋਕ ਹਰਿਆਣਾ ਅਤੇ ਗੁਜਰਾਤ ਦੇ ਸਨ।ਇਸ ਵਿੱਚ ਪੰਜਾਬ ਦੇ 30 ਲੋਕ ਸ਼ਾਮਲ ਸਨ।

ਹੁਣ ਇਸ ਤੋਂ ਬਾਅਦ 2 ਜਹਾਜ਼ ਆ ਰਹੇ ਹਨ, ਜਿਨ੍ਹਾਂ ਵਿੱਚੋਂ ਇਕ ਸ਼ਨੀਵਾਰ ਤੇ ਦੂਜਾ ਐਤਵਾਰ ਨੂੰ ਭਾਰਤ ਵਿੱਚ ਲੈਂਡ ਕਰੇਗਾ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.



General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਵੀਜ਼ਾ ਧਾਰਕ ਨੇ ਆਸਟ੍ਰੇਲੀਆ ‘ਚ ਪੜ੍ਹਾਈ ਦੌਰਾਨ 48 ਘੰਟਿਆਂ ਤੋਂ ਵੱਧ ਕੰਮ ਕੀਤਾ





ਆਸਟ੍ਰੇਲੀਆ ਵਿੱਚ ਪੜ੍ਹਾਈ ਦੌਰਾਨ ਇੱਕ ਵੀਜ਼ਾ ਧਾਰਕ ਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਇਹ ਵੀਜ਼ਾ ਧਾਰਕ ਫਰਵਰੀ 2025 ਵਿੱਚ ਐਡੀਲੇਡ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਪਹੁੰਚਿਆ ਸੀ ਅਤੇ ਉਸ ਕੋਲ ਮਾਰਚ 2022 ਵਿੱਚ ਜਾਰੀ ਕੀਤਾ ਗਿਆ ਠੂ-500 ਵੀਜ਼ਾ ਸੀ। ਇਸ ਵੀਜ਼ੇ ਦੀ ਸ਼ਰਤ 8105 ਤਹਿਤ ਇਹ ਨਿਯਮ ਸੀ ਕਿ ਵੀਜ਼ਾ ਧਾਰਕ ਨੂੰ ਕਿਸੇ ਵੀ ਪੰਦਰਵਾੜੇ ਵਿੱਚ 40 ਘੰਟਿਆਂ ਤੋਂ ਵੱਧ ਕੰਮ ਨਹੀਂ ਕਰਨਾ ਚਾਹੀਦਾ, ਜਦੋਂ ਉਸਦਾ ਅਧਿਐਨ ਸੈਸ਼ਨ ਚੱਲ ਰਿਹਾ ਹੋਵੇ। ਇਸ ਵੀਜ਼ਾ ਧਾਰਕ ਨੇ ਇਸ ਸ਼ਰਤ ਦੀ ਉਲੰਘਣਾ ਕੀਤੀ ਅਤੇ ਅਧਿਐਨ (ਪੜ੍ਹਾਈ) ਦੌਰਾਨ 48 ਘੰਟਿਆਂ ਤੋਂ ਵੱਧ ਕੰਮ ਕੀਤਾ।

ਪ੍ਰੋਵਾਈਡਰ ਰਜਿਸਟ੍ਰੇਸ਼ਨ ਐਂਡ ਇੰਟਰਨੈਸ਼ਨਲ ਮੈਨੇਜਮੈਂਟ ਸਿਸਟਮ (PRISMS) ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਵੀਜ਼ਾ ਧਾਰਕ ਮਾਰਚ 2022 ਤੋਂ ਬੈਚਲਰ ਆਫ਼ ਇਨਫਰਮੇਸ਼ਨ ਟੈਕਨਾਲੋਜੀ ਵਿੱਚ ਦਾਖਲ ਹੋਇਆ ਸੀ ਪਰ ਜੁਲਾਈ 2022 ਵਿੱਚ ਉਸਨੇ ਆਪਣੀ ਪੜ੍ਹਾਈ ਛੱਡ ਦਿੱਤੀ ਸੀ। ਫਿਰ ਉਸਨੇ ਅਕਤੂਬਰ 2022 ਤੋਂ ਸਤੰਬਰ 2024 ਤੱਕ ਤਰਖਾਣ ਵਿੱਚ ਸਰਟੀਫਿਕੇਟ III ਪੂਰਾ ਕੀਤਾ ਅਤੇ ਹੁਣ ਦਸੰਬਰ 2024 ਤੋਂ ਗ੍ਰੈਜੂਏਟ ਡਿਪਲੋਮਾ ਆਫ਼ ਮੈਨੇਜਮੈਂਟ (ਲਰਨਿੰਗ) ਵਿੱਚ ਦਾਖਲਾ ਲਿਆ ਹੈ।

ਜਦੋਂ ਵੀਜ਼ਾ ਧਾਰਕ ਨੇ ਐਡੀਲੇਡ ਵਿੱਚ ਸਾਮਾਨ ਦੀ ਜਾਂਚ ਦੌਰਾਨ ਆਸਟ੍ਰੇਲੀਅਨ ਬਾਰਡਰ ਫੋਰਸ (ਅਭਢ) ਦੇ ਅਧਿਕਾਰੀਆਂ ਨਾਲ ਗੱਲ ਕੀਤੀ, ਤਾਂ ਉਸਨੇ ਮੰਨਿਆ ਕਿ ਉਸਨੇ ਆਪਣੀ ਪੜ੍ਹਾਈ (ਅਧਿਐਨ ਸੈਸ਼ਨ) ਦੌਰਾਨ ਹਰ ਪੰਦਰਵਾੜੇ 48 ਘੰਟੇ ਤੋਂ ਵੱਧ ਕੰਮ ਕੀਤਾ ਹੈ। ਫਿਰ ਅਧਿਕਾਰੀਆਂ ਨੇ ਉਸਦੇ ਮੋਬਾਈਲ ਫੋਨ ਦੀ ਜਾਂਚ ਕੀਤੀ, ਜਿਸ ਵਿੱਚ ਉਹ ਫੋਟੋਆਂ ਸਨ, ਜੋ ਉਸਨੇ ਘੰਟਿਆਂ ਤੱਕ ਉਬੇਰ ਲਈ ਗੱਡੀ ਚਲਾਉਂਦੇ ਸਮੇਂ ਲਈਆਂ ਸਨ।

ਏਬੀਐਫ ਅਧਿਕਾਰੀਆਂ ਨਾਲ ਇੱਕ ਇੰਟਰਵਿਊ ਵਿੱਚ ਵੀਜ਼ਾ ਧਾਰਕ ਨੇ ਮੰਨਿਆ ਕਿ ਮਾਰਚ ਅਤੇ ਅਪ੍ਰੈਲ 2024 ਦੇ ਵਿਚਕਾਰ ਜਦੋਂ ਉਸ ਦਾ ਅਧਿਐਨ ਸੈਸ਼ਨ ਚੱਲ ਰਿਹਾ ਸੀ, ਉਹ ਪ੍ਰਤੀ ਹਫ਼ਤਾ 50-60 ਘੰਟੇ ਕੰਮ ਕਰ ਰਿਹਾ ਸੀ। ਇਸ ਮਾਮਲੇ ਵਿੱਚ ਵੀਜ਼ਾ ਧਾਰਕ ਨੇ ਮੰਨਿਆ ਕਿ ਉਸਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਅਤੇ ਵੱਧ ਘੰਟੇ ਕੰਮ ਕੀਤਾ ਹੈ ਜੋ ਕਿ ਉਸਦੀ ਵੀਜ਼ਾ ਸ਼ਰਤਾਂ ਦੇ ਵਿਰੁੱਧ ਸੀ।






HOUSE OF GOLD & DIAMOND
HOGD
BY GLITTER JEWELLERS
Sale on Now on All 22ct Gold Jewellery



24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।
ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।
7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz

GTB
Horticulture Ltd
Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal
021 147 1502
Manpreet Singh Batth
020 4057 2327
Email: gtb.horticulture@gmail.com

## UK 'ਚ ਹਜ਼ਾਰਾਂ ਭਾਰਤੀਆਂ ਨੂੰ ਮਿਲੇਗੀ ਮੁਫ਼ਤ ਐਂਟਰੀ ਤੇ ਵਰਕ ਵੀਜ਼ਾ



ਨਵੀਂ ਦਿੱਲੀ - ਵੱਡੀ ਖਬਰ ਦਿੰਦੇ ਹੋਏ ਬ੍ਰਿਟਿਸ਼ ਸਰਕਾਰ ਨੇ ਭਾਰਤੀ ਨੌਜਵਾਨਾਂ ਲਈ ਇਕ ਸ਼ਾਨਦਾਰ ਸਕੀਮ ਸ਼ੁਰੂ ਕੀਤੀ ਹੈ। ਯੂਕੇ ਸਰਕਾਰ ਨੇ ਯੂਕੇ-ਇੰਡੀਆ ਯੰਗ ਪ੍ਰੋਫੈਸ਼ਨਲਜ਼ ਸਕੀਮ 2025 ਦੇ ਤਹਿਤ 3,000 ਭਾਰਤੀ ਨਾਗਰਿਕਾਂ ਨੂੰ ਦੋ ਸਾਲਾਂ ਲਈ ਯੂਕੇ ਵਿੱਚ ਰਹਿਣ, ਕੰਮ ਕਰਨ ਅਤੇ ਪੜ੍ਹਾਈ ਕਰਨ ਦਾ ਮੌਕਾ ਦਿੱਤਾ ਹੈ। ਇਸ ਸਕੀਮ ਲਈ ਅਰਜ਼ੀ ਦੀ ਪ੍ਰਕਿਰਿਆ ਬੈਲਟ (ਲਾਟਰੀ ਪ੍ਰਣਾਲੀ) ਰਾਹੀਂ ਹੋਵੇਗੀ, ਜੋ ਕਿ ਪੂਰੀ ਤਰ੍ਹਾਂ ਮੁਫਤ ਹੈ। ਬੈਲਟ ਅਰਜ਼ੀਆਂ gov.uk 'ਤੇ 18 ਫਰਵਰੀ 2025 ਨੂੰ ਦੁਪਹਿਰ 2:30 ਵਜੇ (IST) ਤੋਂ 20 ਫਰਵਰੀ 2025 ਨੂੰ ਦੁਪਹਿਰ 2:30 ਵਜੇ (IST) ਤੱਕ ਖੁੱਲ੍ਹਣਗੀਆਂ। ਚੁਣੇ ਗਏ ਉਮੀਦਵਾਰਾਂ ਨੂੰ ਵੀਜ਼ਾ ਲਈ ਅਪਲਾਈ ਕਰਨ ਲਈ ਸੱਦਾ ਮਿਲੇਗਾ, ਜਿਸ ਤੋਂ ਬਾਅਦ ਉਹ ਦੋ ਸਾਲਾਂ ਤੱਕ ਯੂਕੇ ਵਿੱਚ ਰਹਿ ਸਕਦੇ ਹਨ।

ਯੂਕੇ-ਇੰਡੀਆ ਯੰਗ ਪ੍ਰੋਫੈਸ਼ਨਲ ਸਕੀਮ ਯੂਕੇ ਅਤੇ ਭਾਰਤ ਵਿਚਕਾਰ ਦੁਵੱਲੇ ਸਮਝੌਤੇ ਦਾ ਹਿੱਸਾ ਹੈ, ਜਿਸ ਦੇ ਤਹਿਤ 3,000 ਭਾਰਤੀ ਨੌਜਵਾਨਾਂ ਨੂੰ ਹਰ ਸਾਲ ਦੋ ਸਾਲਾਂ ਤੱਕ ਯੂਕੇ ਵਿੱਚ ਰਹਿਣ, ਕੰਮ ਕਰਨ ਅਤੇ ਅਧਿਐਨ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਇਸ ਵੀਜ਼ੇ ਲਈ ਅਪਲਾਈ ਕਰਨ ਲਈ ਨੌਕਰੀ ਦੀ ਪੇਸ਼ਕਸ਼ (ਸਪਾਂਸਰ) ਹੋਣਾ ਜ਼ਰੂਰੀ ਨਹੀਂ ਹੈ। ਸਾਲ 2023 ਵਿੱਚ ਇਸ ਯੋਜਨਾ ਤਹਿਤ 2,100 ਭਾਰਤੀ ਨਾਗਰਿਕਾਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ। ਇਸ ਸਾਲ 3,000 ਲੋਕਾਂ ਨੂੰ ਇਹ ਮੌਕਾ ਮਿਲਣ ਵਾਲਾ ਹੈ।

ਅਪਲਾਈ ਕਰਨ ਲਈ, ਕਿਸੇ ਨੂੰ gov.uk [gov.uk] (https://www.gov.uk) ਦੀ ਅਧਿਕਾਰਤ ਵੈੱਬਸਾਈਟ 'ਤੇ ਜਾਣਾ ਪਵੇਗਾ ਅਤੇ ਬੈਲਟ ਵਿੱਚ ਹਿੱਸਾ ਲੈਣਾ ਪਵੇਗਾ।

ਬੈਲਟ ਮੁਫਤ ਹੋਵੇਗੀ, ਜਿਸ ਵਿੱਚ ਉਮੀਦਵਾਰਾਂ ਨੂੰ ਆਪਣਾ ਨਾਮ, ਜਨਮ ਮਿਤੀ, ਪਾਸਪੋਰਟ ਵੇਰਵੇ (ਸਕੈਨ ਕੀਤੀ ਕਾਪੀ ਸਮੇਤ), ਫੋਨ ਨੰਬਰ ਅਤੇ ਈਮੇਲ ਆਈਡੀ ਪ੍ਰਦਾਨ ਕਰਨੀ ਪਵੇਗੀ।

**ਵੀਜ਼ਾ ਮਿਲਣ ਤੋਂ ਬਾਅਦ**

ਵੀਜ਼ਾ ਪ੍ਰਾਪਤ ਕਰਨ ਤੋਂ ਬਾਅਦ, ਉਮੀਦਵਾਰ ਯੂਕੇ ਵਿੱਚ ਦੋ ਸਾਲਾਂ ਲਈ ਰਹਿ ਸਕਦੇ ਹਨ।

ਇਸ ਸਮੇਂ ਦੌਰਾਨ ਉਹ ਕੋਈ ਵੀ ਨੌਕਰੀ, ਪੜ੍ਹਾਈ ਜਾਂ ਯਾਤਰਾ ਕਰ ਸਕਦੇ ਹਨ।

ਇਹ ਵੀਜ਼ਾ ਦੋ ਸਾਲਾਂ ਤੋਂ ਵੱਧ ਲਈ ਰੀਨਿਊ ਨਹੀਂ ਕੀਤਾ ਜਾ ਸਕਦਾ ਹੈ।

## ਭਾਰਤ 'ਚ ਅਪਰਾਧ ਕਰਨ ਮਗਰੋਂ US 'ਚ ਸ਼ਰਨ ਲਈ ਬੈਠੇ ਅਪਰਾਧੀਆਂ ਦੀ ਖੈਰ ਨਹੀਂ



ਜਲੰਧਰ - ਭਾਰਤ ਵਿਚ ਅਪਰਾਧ ਕਰਨ ਤੋਂ ਬਾਅਦ ਅਮਰੀਕਾ ਵਿਚ ਸ਼ਰਨ ਲੈ ਕੇ ਬੈਠੇ ਅਪਰਾਧੀਆਂ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬਿਆਨ ਬਹੁਤ ਚਿੰਤਾ ਪੈਦਾ ਕਰਨ ਵਾਲਾ ਹੈ। ਭਾਰਤ ਵਿਚ ਵੱਖਵਾਦ ਅਤੇ ਖਾਲਿਸਤਾਨ ਨੂੰ ਉਤਸ਼ਾਹਿਤ ਕਰਨ ਵਾਲੇ ਤੱਤਾਂ ਨੂੰ ਅਮਰੀਕਾ ਵਿਚ ਮਿਲੀ ਸ਼ਰਨ ਦੇ ਜਵਾਬ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਬਾਈਡੇਨ ਦੇ ਸ਼ਾਸਨ ਦੌਰਾਨ ਅਮਰੀਕਾ ਅਤੇ ਭਾਰਤ ਦੇ ਸਬੰਧ ਇੰਨੇ ਚੰਗੇ ਨਹੀਂ ਸਨ ਇਸੇ ਕਾਰਨ ਅਮਰੀਕਾ ਭਾਰਤ ਨੂੰ ਤੇਲ ਦੀ ਬਰਾਮਦ ਨਹੀਂ ਕਰ ਸਕਿਆ।

ਮੈਨੂੰ ਲਗਦਾ ਹੈ ਕਿ ਬਾਈਡੇਨ ਦੇ ਰਾਜਕਾਲ ਵਿਚ ਬਹੁਤ ਸਾਰੀਆਂ ਚੀਜ਼ਾਂ ਹੋਈਆਂ ਹਨ ਜੋ ਬਿਹਤਰ ਤਰੀਕੇ ਨਾਲ ਹੋ ਸਕਦੀਆਂ ਸਨ।

ਅਸੀਂ ਤਹੱਵੁਰ ਰਾਣਾ ਵਰਗੇ ਹਿੰਸਕ ਵਿਅਕਤੀ ਨੂੰ ਭਾਰਤ ਨੂੰ ਸੌਂਪ ਰਹੇ ਹਾਂ। ਅਸੀਂ ਅਪਰਾਧ ਦੇ ਮਾਮਲੇ ਵਿਚ ਭਾਰਤ ਦੇ ਨਾਲ ਮਿਲਕੇ ਕੰਮ ਕਰ ਰਹੇ ਹਾਂ ਅਤੇ ਭਾਰਤ ਵੱਲੋਂ ਅਮਰੀਕਾ ਨੂੰ ਇਸ ਤਰ੍ਹਾਂ ਦੀਆਂ ਕਈ ਹੋਰ ਅਪੀਲਾਂ ਵੀ ਕੀਤੀਆਂ ਗਈਆਂ ਹਨ। ਸਾਡੇ ਲਈ ਭਾਰਤ-ਅਮਰੀਕਾ ਦੇ ਰਿਸ਼ਤੇ ਬਹੁਤ ਅਹਿਮੀਅਤ ਰੱਖਦੇ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਬਿਆਨ ਤੋਂ ਬਾਅਦ ਅਮਰੀਕਾ ਤੋਂ ਉਨ੍ਹਾਂ ਲੋਕਾਂ ਦੀ ਹਵਾਲਗੀ ਤੇਜ਼ੀ ਫੜ ਸਕਦੀ ਹੈ ਜੋ ਭਾਰਤ ਵਿਚ ਲੋੜੀਂਦੇ ਹਨ।

ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਵੀ ਭਾਰਤੀ ਅਧਿਕਾਰੀਆਂ ਨੇ ਅਮਰੀਕਾ ਨਾਲ 12 ਅਜਿਹੇ ਅਪਰਾਧੀਆਂ ਦਾ ਵੇਰਵਾ ਸਾਂਝਾ ਕੀਤਾ ਹੈ ਜਿਨ੍ਹਾਂ ਦੀ ਭਾਰਤ ਨੂੰ ਜਲਦੀ ਲੋੜ ਹੈ।

Mehak E wattan

Fortnightly Newspaper

•Issue-02 • February 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**

Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

### ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ



ਅਫ਼ਗਾਨਾਂ ਦੇ ਰੌਲੇ-ਰੱਪੇ ਦੀਆਂ ਸੂੰਹਾਂ ਸੁਣਨ ਸਾਰ ਹੀ ਆਪ ਨੇ ਦਿਨ ਰਾਤ ਇਕ ਕਰਕੇ ਆਪਣਾ ਸਾਰਾ ਧਿਆਨ ਇਕ ਸ਼ਕਤੀ-ਮਾਨ ਫ਼ੌਜ ਦੀ ਤਿਆਰੀ ਵਿਚ ਲੀਨ ਕਰ ਦਿੱਤਾ। ਮਹਾਰਾਜਾ ਸਾਹਿਬ ਦੀਆਂ ਇਸ ਸਮੇਂ ਇੰਨੀਆਂ ਭਾਰੀਆਂ ਤਿਆਰੀਆਂ ਤੋਂ ਅਨੁਭਵ ਹੁੰਦਾ ਹੈ ਕਿ ਸਰਕਾਰ ਚਾਹੁੰਦੀ ਸੀ ਕਿ ਖਰੂਦੀਆਂ ਨੂੰ ਐਤਕੀਂ ਐਸੀ ਪ੍ਰਭਾਵਸ਼ਾਲੀ ਸਿੱਖਿਆ ਦਿੱਤੀ ਜਾਏ ਜੋ ਅਫ਼ਗਾਨਾਂ ਨੂੰ ਛੇਤੀ ਨਾ ਭੁੱਲ ਸਕੇ।

ਜਦੋਂ ਸਾਰੇ ਜੰਗੀ ਪ੍ਰਬੰਧ ਸੰਪੂਰਨ ਹੋ ਗਏ ਤਾਂ ਸਰਕਾਰ ਨੇ ਲੰਮੀ ਵਿਚਾਰ ਉਪਰੰਤ ਇਸ ਜ਼ਰੂਰੀ ਮੁਹਿੰਮ ਦੀ ਸੌਂਪਣੀ ਆਪਣੇ ਸ਼ੇਰ-ਦਿਲ ਸ਼ਹਿਜ਼ਾਦੇ ਸ਼ੇਰ ਸਿੰਘ ਦੇ ਹੱਥ ਸੌਂਪੀ ਤੇ ਨਾਲ ਹੀ ਇਹ ਹੁਕਮ ਦਿੱਤਾ ਕਿ ਖ਼ਾਲਸਾ ਫ਼ੌਜ ਨੂੰ ਲੰਮੇ ਕੂਚ ਕਰਵਾ ਕੇ ਛੇਤੀ ਤੋਂ ਛੇਤੀ ਖ਼ਾਲਸੇ ਦੀ ਸਰਹੱਦ ਪਰ ਪਹੁੰਚਾ ਦਿੱਤਾ ਜਾਏ ਤਾਂ ਕਿ ਵੈਰੀ ਜਦ ਸਰਕਾਰੀ ਇਲਾਕੇ ਪਰ ਧਾਵਾ ਕਰੇ ਤਾਂ ਉਸ ਤੋਂ ਪਹਿਲਾਂ ਹੀ ਉਸ ਨੂੰ ਨਕਾਰਾ ਕਰ ਦਿੱਤਾ ਜਾਏ।

ਮਹਾਰਾਜਾ ਦੇ ਇਸ ਹੁਕਮ ਦੀ ਪਾਲਣਾ, ਸ਼ਹਿਜ਼ਾਦਾ ਸ਼ੇਰ ਸਿੰਘ ਨੇ ਇੰਨੀ ਸੁਚੱਜਤਾ ਨਾਲ ਕੀਤੀ ਕਿ ਇਸਦੇ ਇਸ ਮਹਾਨ ਕਾਰਨਾਮੇ ਨੂੰ ਦੇਖ ਕੇ ਨਾ ਕੇਵਲ ਆਪਣੇ ਹੀ ਅਚਰਜ ਹੋ ਕੇ ਰਹਿ ਗਏ ਸਗੋਂ ਵੈਰੀ ਵੀ ਹੈਰਾਨ ਹੋ ਗਏ।

ਬਾਰਕਜ਼ਈਆਂ ਦੇ ਵਿਚਾਰ ਅਨੁਸਾਰ ਖ਼ਾਲਸਾ ਫ਼ੌਜ ਦੇ ਸਰਹੱਦ ਤੱਕ ਪਹੁੰਚਣ ਲਈ ਅਜੇ ਇਕ ਸਤਵਾਰੇ ਦੀ ਹੋਰ ਲੋੜ ਸੀ ਪਰ ਇਨ੍ਹਾਂ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦ ਉਨ੍ਹਾਂ ਖ਼ੈਰਾਬਾਦ ਦੇ ਕਿਲ੍ਹੇ ਪਰ ਧਾਵਾ ਬੋਲਿਆ ਤਾਂ ਅੱਗੇ ਸੱਜਰ-ਸ਼ਾਹ ਖ਼ਾਲਸਾ ਫ਼ੌਜ ਉਥੇ ਪਹੁੰਚ ਚੁੱਕੀ ਸੀ ਜਿਸ ਨੇ ਇਨ੍ਹਾਂ ਦਾ ਕਹਿਰ ਦਾ ਟਾਕਰਾ ਕੀਤਾ, ਜਿਸ ਨਾਲ ਇਨ੍ਹਾਂ ਦੀਆਂ ਸਾਰੀਆਂ ਆਸਾਂ ਪਰ ਪਾਣੀ ਫਿਰ ਗਿਆ।

ਇਸ ਸਮੇਂ ਮੋਹਲੇਧਾਰ ਗੋਲੀਆਂ ਦੀ ਵਰਖਾ ਵਿਚ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਆਪਣੇ ਜੀਵਨ ਤੋਂ ਹੱਥ ਧੋ ਕੇ, ਆਪਣੀ ਫ਼ੌਜ ਦੀ ਐਸੀ ਨਿਰਭੈਤਾ ਤੇ ਵਰਯਾਮਤਾ ਨਾਲ ਅਗਵਾਈ ਕੀਤੀ ਕਿ ਵੈਰੀਆਂ ਦੀ ਕਈ ਗੁਣਾਂ ਵੱਧ ਗਿਣਤੀ ਹੁੰਦੇ ਹੋਏ ਵੀ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਉਹ ਹਾਰ ਦਿੱਤੀ ਜਿਸ ਨੂੰ ਉਹ ਚੋਖੇ ਸਮੇਂ ਤੱਕ ਨਾ ਸਨ ਭੁੱਲ ਸਕੇ। ਗ਼ਾਜ਼ੀਆਂ ਨੇ ਅਣਗਿਣਤ ਹੋਣ ਦੇ ਘੁੰਮਡ ਵਿਚ ਦੋ ਕੁ ਵੇਰਾਂ ਸ਼ਹਿਜ਼ਾਦੇ ਦੀ ਫ਼ੌਜ ਨੂੰ ਘੇਰੇ ਵਿਚ ਲੈ ਲੈਣ ਦਾ ਅਸਫ਼ਲ ਯਤਨ ਕੀਤਾ ਪਰ ਹਰ ਵਾਰੀ ਮੂੰਹ ਦੀ ਹੀ ਖਾ ਕੇ ਪਿੱਛੇ ਖਦੇੜ ਦਿੱਤੇ ਗਏ। ਇਸ ਤਰ੍ਹਾਂ ਸਾਰਾ ਦਿਨ ਖਟਾ-ਖਟ ਤਲਵਾਰ ਖੜਕਦੀ ਰਹੀ। ਦਿਨ ਢਲਣ ਨਾਲ ਹੀ ਗ਼ਾਜ਼ੀਆਂ ਦੇ ਮਨ ਢਲਕ ਗਏ ਅਤੇ ਉਹ ਡਾਢੇ ਅਧੀਨ ਹੋ ਕੇ ਰਣਭੂਮੀ ਤੋਂ ਭੱਜ ਨੱਠੇ। ਜਦ ਪੱਧਰ ਮੈਦਾਨ ਵਿੱਚ ਉਹਨਾਂ ਨੂੰ ਆਪਣਾ ਆਪ ਖ਼ਾਲਸੇ ਦੀ ਮਾਰ ਤੋਂ ਬਚਾਈ ਰੱਖਣਾ ਅਸੰਭਵ ਭਾਸਿਆ ਤਾਂ ਉਹਨਾਂ ਲਾਗਲੇ ਪਹਾੜਾਂ ਦੀਆਂ ਖੱਡਾਂ ਵਿਚ ਲੁਕ ਕੇ ਆਪਣੀਆਂ ਪਿਆਰੀਆਂ ਜਾਨਾਂ ਬਚਾ ਲਈਆਂ। ਇਸ ਸਮੇਂ ਜਹਾਦੀਆਂ ਦੇ ਵਧੇਰੇ ਭਾਗ ਨੇ ਆਪਣੇ ਹਥਿਆਰ ਖ਼ਾਲਸੇ ਦੇ ਪੈਰਾਂ ਵਿਚ ਸੁੱਟ ਕੇ ਤਿੱਖੇ ਭੱਜਣ ਲਈ ਆਪਣਾ ਭਾਰ ਹੌਲਾ ਕਰ ਲਿਆ।

ਹੁਣ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਹੋਰ ਸੱਜਰ-ਸ਼ਾਹ ਦੀ ਸਹਾਇਤਾ ਵੀ ਪਹੁੰਚ ਗਈ, ਜਿਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸ਼ਹਿਜ਼ਾਦੇ ਦੀ ਸੈਨਾ ਨੇ ਵੈਰੀਆਂ ਨੂੰ ਪੈਰਾਂ ਥੱਲੇ ਮਧੋਲਦੇ ਹੋਏ ਉਸੇ ਹੀ ਸਮੇਂ ਰਣਤੱਤੇ ਪਰ ਕਬਜ਼ਾ ਕਰ ਲਿਆ ਸੀ। ਗ਼ਾਜ਼ੀਆਂ ਦੇ ਮੁਰਦਿਆਂ ਤੇ ਫੱਟੜਾਂ ਦੀ ਗਿਣਤੀ ਹਜ਼ਾਰਾਂ ਤਕ ਪਹੁੰਚ ਗਈ ਸੀ।

ਇਹ ਮੱਲ ਮਾਰਨੀ, ਸ਼ਹਿਜ਼ਾਦਾ ਸ਼ੇਰ ਸਿੰਘ ਦੇ ਜੀਵਨ ਦਾ ਇਕ ਅਦੁੱਤੀ ਕਰਤਵ ਮੰਨਿਆ ਜਾਂਦਾ ਸੀ; ਜਿਸ ਦੇ ਕਾਰਨ ਇਸ ਸ਼ਹਿਜ਼ਾਦੇ ਦਾ ਪਿਆਰ ਸ਼ੇਰਿ ਪੰਜਾਬ ਦੇ ਮਨ ਦੀਆਂ ਡੂੰਘਾਣਾਂ ਵਿਚ ਜਾ ਸਮਾਇਆ ਸੀ। ਇਹ ਘਟਨਾ ਮਾਰਚ ਸੰਨ 1823 ਦੀ ਹੈ।

## ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅਦੁੱਤੀ ਪੁਲੀਟੀਕਲ ਸਫਲਤਾ

ਸੱਯਦ ਐਹਮਦ ਸ਼ਾਹ, ਸਰਦਾਰ ਬੁੱਧ ਸਿੰਘ ਤੇ ਸਰਦਾਰ ਹਰੀ ਸਿੰਘ ਦੇ ਹੱਥੋਂ ਲੱਕ-ਭੰਨਵੀਂ ਹਾਰ ਖਾਣ ਦੇ ਬਾਅਦ, ਕੋਈ ਦੋ ਸਾਲ ਗੁੰਮਨਾਮੀ ਦੀ ਦਿਸ਼ਾ ਵਿੱਚ ਸਰਹੱਦੀ ਪਹਾੜਾਂ ਵਿਚ ਭਟਕਦਾ ਫਿਰਿਆ। ਛੇਕੜ ਸੰਨ 1830 ਵਿਚ ਇਸਨੂੰ ਫ਼ਤਹ ਖ਼ਾਨ ਪਾਸ ਮੁੜ ਸਿਰ ਲੁਕਾਣ ਲਈ ਟਿਕਾਣਾ ਮਿਲ ਗਿਆ ਜਿਥੋਂ ਇਸ ਨੇ ਇਕ ਵੇਰ ਫਿਰ ਆਪਣੀ ਗੁਵਾਚੀ ਹੋਈ ਸਾਖ਼ ਨੂੰ ਪ੍ਰਾਪਤ ਕਰਨ ਲਈ ਹੱਥ ਪੈਰ ਮਾਰਨੇ ਅਰੰਭ ਦਿੱਤੇ ਅਰਥਾਤ ਖ਼ਾਲਸੇ ਤੋਂ ਖਾ ਚੁੱਕੇ ਹਾਰ ਦੇ ਕਲੰਕ ਨੂੰ ਧੋਣ ਲਈ ਫਿਰ ਪਠਾਣਾਂ ਵਿਚ ਖ਼ਾਲਸੇ ਵਿਰੁੱਧ ਜਹਾਦ ਦੀਆਂ ਤਿਆਰੀਆਂ ਵਿਚ ਜੁਟ ਗਿਆ।

ਮਹਾਰਾਜਾ ਸਾਹਿਬ ਨੂੰ ਸੱਯਦ ਸਾਹਿਬ ਦੇ ਜ਼ਹਿਰੀਲੇ ਪ੍ਰਚਾਰ ਦੀਆਂ ਖ਼ਬਰਾਂ ਲਗਾਤਾਰ ਪਹੁੰਚ ਰਹੀਆਂ ਸਨ। ਇਹਨਾਂ ਦੇ ਅਧਾਰ ਪਰ ਸਰਕਾਰ ਨੇ ਫ਼ੈਸਲਾ ਕੀਤਾ ਕਿ ਇਸ ਤੋਂ ਪਹਿਲਾਂ ਕਿ ਬਰੇਲਵੀ ਖ਼ਲੀਫ਼ਾ ਮੁੜ ਸਰਹੱਦੀ ਇਲਾਕੇ ਵਿਚ ਆਪਣੀ ਸ਼ਕਤੀ ਵਧਾ ਕੇ ਖ਼ਾਲ਼ਸਾ ਰਾਜ ਲਈ ਕੋਈ ਉਲਝਨ ਉਪਜਾਏ, ਉਸ ਨੂੰ ਛੇਤੀ ਹੀ ਮਿਧ ਦੇਣਾ ਚਾਹੀਦਾ ਹੈ। ਇਸ ਵਿਚਾਰ ਅਨੁਸਾਰ ਹੁਣ ਲੋੜ ਪਈ ਇਸ ਗੱਲ ਦੀ ਕਿ ਇਸ ਜ਼ਰੂਰੀ ਮੁਹਿੰਮ ਦੀ ਸੌਂਪਣਾ ਕਿਸਦੇ ਹੱਥ ਸੌਂਪੀ ਜਾਏ। ਡੂੰਘੀ ਵਿਚਾਰ ਦੇ ਉਪਰੰਤ ਸਰਕਾਰ ਦੀ ਨਜ਼ਰ ਸ਼ਹਿਜ਼ਾਦਾ ਸ਼ੇਰ ਸਿੰਘ ਪਰ ਟਿਕੀ ਤੇ ਇਸ ਮਹਾਨ ਕਾਰਜ ਨੂੰ ਸਫ਼ਲਤਾ ਤਕ ਪਹੁੰਚਾਣ ਲਈ ਇਸ ਦੀ ਜ਼ੁੰਮੇਂਵਾਰੀ ਕੰਵਰ ਸਾਹਿਬ ਦੇ ਹੱਥ ਦਿੱਤੀ ਗਈ।

ਇਸ ਮੁਹਿੰਮ ਲਈ ਖ਼ਾਲਸਾ ਫ਼ੌਜ ਚੋਣਵੀਂ ਸੈਨਾ ਵਿਚੋਂ ਸ਼ਹਿਜ਼ਾਦੇ ਨਾਲ ਭੇਜਣ ਲਈ ਤਿਆਰ ਕੀਤੀ ਗਈ, ਜਿਸ ਵਿੱਚ ਵੈਨਤੂਰਾ ਦੀਆਂ ਦੋ ਰੈਜਮੈਂਟਾਂ, ਚਾਰਯਾਰੀ ਰਸਾਲਾ ਅਤੇ ਧੋਕਲ ਸਿੰਘ ਵਾਲੀ ਰਜਮੈਂਟ ਦਾ ਨਾਮ ਲਿਖਣ ਗੋਚਰਾ ਹੈ। ਵਿਦਾਇਗੀ ਸਮੇਂ ਸ਼ੇਰੇ-ਪੰਜਾਬ ਨੇ ਕੰਵਰ ਸਾਹਿਬ ਨੂੰ ਹੁਕਮ ਦਿੱਤਾ ਕਿ ਐਤਕਾਂ ਨਾ ਕੇਵਲ ਸੱਯਦ ਅਹਿਮਦ ਨੂੰ ਹੀ ਸਿਖਿਆ ਦਿੱਤੀ ਜਾਏ ਸਗੋਂ ਉਸ ਦੇ ਜੇਹੜੇ-ਜੇਹੜੇ, ਸਰਹੱਦੀ ਇਲਾਕੇ ਵਿਚ ਸਹਾਇਕ ਹੋਣ, ਉਹਨਾਂ ਦੀ ਵੀ ਪੂਰੀ-ਪੂਰੀ ਸੁਧਾਈ ਕੀਤੀ ਜਾਏ ਤਾਂ ਕਿ ਉਹ ਮੁੜ ਖ਼ਾਲ਼ਸਾ ਸਰਕਾਰ ਦੀ ਪਰਜਾ ਵੱਲ ਮੈਲੀ ਅੱਖ ਨਾਲ ਤੱਕਣ ਦਾ ਹੀਆਂ ਨਾ ਕਰ ਸਕੇ।

ਹੁਣ ਸਾਰੀਆਂ ਤਿਆਰੀਆਂ ਸੰਪੂਰਨ ਹੋ ਜਾਣ ਦੇ ਉਪਰੰਤ 15 ਜੂਨ ਸੰਨ 1830 ਈ: ਨੂੰ 12 ਹਜ਼ਾਰ ਸ਼ਕਤੀਮਾਨ ਫ਼ੌਜ ਨਾਲ ਸ਼ਹਿਜ਼ਾਦੇ ਨੇ ਸੱਯਦ ਅਹਿਮਦ ਸ਼ਾਹ ਪਰ ਚੜ੍ਹਾਈ ਕਰ ਦਿੱਤੀ। ਲੰਮੀਆਂ ਮੰਜ਼ਿਲਾਂ ਕੂਚ ਦੀਆਂ ਪੂਰੀਆਂ ਕਰਕੇ 10ਵੇਂ ਦਿਨ ਇਸ ਅਠੱਲ ਫ਼ੌਜ ਨੇ ਦਰਿਆ ਅਟਕ ਨੂੰ ਹਿੰਡ ਦੇ ਪੱਤਨ ਤੋਂ ਬੇੜੀਆਂ ਰਾਹੀਂ ਪਾਰ ਕਰ ਲਿਆ ਅਤੇ ਸੁਵਾਬੀ ਦੇ ਖੁਲ੍ਹੇ ਮੈਦਾਨ ਵਿਚ ਜਾ ਡੇਰੇ ਲਾਏ।

ਇਥੇ ਪਹੁੰਚ ਕੇ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਮਾਲੂਮ ਹੋਇਆ ਕਿ ਇਥੋਂ ਦੇ ਸਰਲ ਸੁਭਾਵ ਲੋਕਾਂ ਵਿਚ ਸੱਯਦ ਅਹਿਮਦ ਅਤੇ ਉਸਦੇ ਸਾਥੀਆਂ ਨੇ, ਨਿਤਾਪ੍ਰਤਿ ਘ੍ਰਿਣ ਭਰਪੂਰ ਜ਼ਹਿਰੀਲਾ ਪ੍ਰਚਾਰ ਕਰ ਕੇ ਖ਼ਾਲਸੇ ਦੇ ਵਿਰੁੱਧ ਭਾਰੀ ਨਫ਼ਰਤ ਖਿਲਾਰ ਦਿੱਤੀ ਹੈ ਅਤੇ ਹਰ ਪਠਾਨ ਨੂੰ ਅਕਾਰਨ ਖ਼ਾਲਸੇ ਦਾ ਵੈਰੀ ਬਣਾ ਦਿੱਤਾ ਗਿਆ ਹੈ। ਇਸ ਸਾਰੀ ਦਸ਼ਾ ਨੂੰ ਵਿਚਾਰ ਕੇ ਦੂਰ-ਦ੍ਰਿਸ਼ਟੇ ਸ਼ਹਿਜ਼ਾਦੇ ਨੇ ਇਕ ਵਿਉਂਤ ਸੋਚੀ ਕਿ ਜਦ ਤਕ ਸੱਯਦ ਅਹਿਮਦ ਦੇ ਵਿਹੁਲੇ ਪਰਚਾਰ ਦੇ ਪ੍ਰਭਾਵ ਨੂੰ ਇਹਨਾਂ ਲੋਕਾਂ ਦੇ ਮਨਾਂ ਤੋਂ ਸਾਫ਼ ਨਾ ਕੀਤਾ ਜਾਏ ਉਸ ਸਮੇਂ ਤਕ ਇਥੇ ਸ਼ਾਂਤੀ ਨਹੀ ਵਰਤ ਸਕਦੀ। ਹੁਣ ਜ਼ਰੂਰੀ ਹੈ ਕਿ ਇਥੇ ਸਚਾਈ ਤੇ ਅਸਲੀਅਤ ਇਹਨਾਂ ਨੂੰ ਦੱਸੀ ਜਾਏ। ਸੋ ਇਸ ਕਾਰਜ ਨੂੰ ਵਰਤੋਂ ਵਿਚ ਲਿਆਉਣ ਲਈ ਸ਼ਹਿਜ਼ਾਦੇ ਨੇ ਇਕ ਸਾਂਢਨੀ ਸਵਾਰ ਮਹਾਰਾਜਾ ਸਾਹਿਬ ਪਾਸ ਲਾਹੌਰ ਭਿਜਵਾ ਦਿੱਤਾ, ਜਿਸ ਦੀ ਰਾਹੀਂ ਫ਼ਕੀਰ ਅਜ਼ੀਜ਼ਦੀਨ ਨੂੰ ਤੁਰੰਤ ਇੱਥੇ ਭੇਜਣ ਦੀ ਮੰਗ ਕੀਤੀ ਗਈ ਸੀ। ਮਹਾਰਾਜਾ ਸਾਹਿਬ ਨੂੰ ਜਦ ਕੰਵਰ ਸਾਹਿਬ ਜੀ ਦਾ ਪੁੱਤਰ ਪੁੱਜਾ ਤਾਂ ਸਰਕਾਰ ਨੇ ਸ਼ੀਘਰ ਹੀ ਫ਼ਕੀਰ ਸਾਹਿਬ ਨੂੰ ਸ਼ਹਿਜ਼ਾਦਾ ਸਾਹਿਬ ਪਾਸ ਭੇਜਣ ਦਾ ਪ੍ਰਬੰਧ ਕਰ ਦਿੱਤਾ।

### ਫ਼ਕੀਰ ਜੀ ਬਰੇਲਵੀ ਦੇ ਦਰਬਾਰ ਵਿਚ

ਫ਼ਕੀਰ ਸਾਹਿਬ ਦੇ ਪਹੁੰਚਣ ਦੇ ਉਪਰੰਤ ਸ਼ਹਿਜ਼ਾਦੇ ਨੇ ਫ਼ਕੀਰ ਜੀ ਅਤੇ ਜਮਾਦਾਰ ਵਜ਼ੀਰ ਸਿੰਘ ਖੁਸਰਪੁਰੀਏ ਨੂੰ ਸੱਯਦ ਅਹਿਮਦ ਪਾਸ ਆਪਣਾ ਐਲਚੀ ਥਾਪਕੇ ਭੇਜਿਆ[1] ਤਾਂ ਕਿ ਉਹ ਉਸਨੂੰ ਕੰਵਰ ਵਲੋਂ ਸਮਝਾਣ ਕਿ ਸ਼ੇਰੇ-ਪੰਜਾਬ ਦਾ ਹੁਕਮ ਹੈ ਕਿ ਉਸ ਨੂੰ ਫ਼ੌਜੀ ਸ਼ਕਤੀ ਨਾਲ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



Harcourts Topline

Licensed Agent REAA 2008

Your home is One of your most valuable asset

We are a complete One stop shop for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call The Topline TEAM*

*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।





Hardev Brar
M: 027 442 7338
E: Hardev.brar@harcourts.co.nz

Mehul Mody
M: 021 990 080
E: mehul.mody@harcourts.co.nz

M 027442 7338 P 09 620 6222

hardev.brar@harcourts.co.nz www.toplinerealty.co.nz , 206 Stoddard Road, Mt Roskill, Auckland

DH SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।

PAPATOETOE — 141 Kolmar Road, Paptoetoe

FLATBUSH — 46 Ormiston Road, East Tamaki

PAPAKURA — 38 O Shannessey Street, Papakura



SPARKELS JEWELLERS

SPARKLE YOUR LIFE WITH SPARKLE JAWELLER

- We Buy Gold Diamond & Coins
- 22kt., 9kt, 18kt & Diamond Jewellery
- Jewellery Valuation
- Jewellery Repairing
- Lucky Stones



208, Great South Road Papatoetoe

Ph: 0800 030377

CALL: G S HAPPY
DDI 093901041

# ਯੁਵਰਾਜ ਸਿੰਘ ਨੇ ਬਾਜ਼ਾਰ 'ਚ ਲਾਂਚ ਕੀਤਾ ਨਵਾਂ ਸ਼ਰਾਬ ਬ੍ਰਾਂਡ 'iFno Teqiula'



ਭਾਰਤੀ ਕ੍ਰਿਕਟ ਦੇ ਦਿੱਗਜ ਆਲਰਾਊਂਡਰ ਯੁਵਰਾਜ ਸਿੰਘ ਨੇ ਹੁਣ ਕਾਰੋਬਾਰ ਦੀ ਦੁਨੀਆ 'ਚ ਐਂਟਰੀ ਕਰ ਲਈ ਹੈ। ਉਨ੍ਹਾਂ ਨੇ ਪ੍ਰੀਮੀਅਮ ਅਲਕੋਹਲ ਬ੍ਰਾਂਡ 'ਫਿਨੋ ਟਕੀਲਾ' ਲਾਂਚ ਕੀਤਾ ਹੈ। ਯੁਵਰਾਜ ਕ੍ਰਿਕਟ ਤੋਂ ਬਾਅਦ ਹੁਣ ਸਪਿਰਿਟ ਬਾਜ਼ਾਰ 'ਚ ਆਪਣੀ ਪਛਾਣ ਬਣਾਉਣ ਦੀ ਤਿਆਰੀ ਕਰ ਰਹੇ ਹਨ।

ਯੁਵਰਾਜ ਸਿੰਘ ਨੇ 'ਫਿਨੋ ਟਕੀਲਾ' ਨੂੰ ਲਗਜ਼ਰੀ ਅਤੇ ਪ੍ਰੀਮੀਅਮ ਬ੍ਰਾਂਡ ਵਜੋਂ ਪੇਸ਼ ਕੀਤਾ ਹੈ। ਇਹ ਇੱਕ ਪ੍ਰੀਮੀਅਮ ਟਕੀਲਾ ਹੈ ਜੋ ਮੈਕਸੀਕਨ ਏਗਾਵੇ ਪਲਾਂਟ ਤੋਂ ਤਿਆਰ ਕੀਤੀ ਜਾਂਦੀ ਹੈ। ਕ੍ਰਿਕਟ ਦੇ ਮੈਦਾਨ 'ਤੇ ਆਪਣੀ ਹਮਲਾਵਰ ਖੇਡ ਲਈ ਮਸ਼ਹੂਰ ਯੁਵਰਾਜ ਹੁਣ ਕਾਰੋਬਾਰੀ ਜਗਤ 'ਚ ਵੀ ਹਮਲਾਵਰ ਰਣਨੀਤੀ ਅਪਣਾਉਣ ਦੇ ਮੂਡ 'ਚ ਹਨ।

ਉਸ ਦੀ ਨਵੀਂ ਸ਼ਰਾਬ ਦੀ 750 ਮਿਲੀਲੀਟਰ ਦੀ ਬੋਤਲ ਦੀ ਕੀਮਤ ਅਮਰੀਕਾ ਵਿਚ 44 ਡਾਲਰ ਰੱਖੀ ਗਈ ਹੈ। ਜੇਕਰ ਇਸ ਨੂੰ ਭਾਰਤੀ ਕਰੰਸੀ 'ਚ ਦੇਖਿਆ ਜਾਵੇ ਤਾਂ ਇਸ ਦੀ ਕੀਮਤ 3800 ਰੁਪਏ ਦੇ ਕਰੀਬ ਹੈ। ਯੁਵਰਾਜ ਸਿੰਘ ਪਹਿਲਾਂ ਹੀ ਕਈ ਸਟਾਰਟਅੱਪਸ ਅਤੇ ਕਾਰੋਬਾਰੀ ਉੱਦਮਾਂ ਵਿੱਚ ਨਿਵੇਸ਼ ਕਰ ਚੁੱਕੇ ਹਨ ਅਤੇ ਇਹ ਤਾਜ਼ਾ ਕਦਮ ਉਸ ਦੇ ਕਾਰੋਬਾਰੀ ਸਫ਼ਰ ਦਾ ਇੱਕ ਹੋਰ ਵੱਡਾ ਹਿੱਸਾ ਹੈ।

ਯੁਵਰਾਜ ਪਹਿਲਾਂ ਹੀ ਕਈ ਸਟਾਰਟਅੱਪਸ ਅਤੇ ਬ੍ਰਾਂਡਾਂ ਵਿੱਚ ਨਿਵੇਸ਼ ਕਰ ਚੁੱਕੇ ਹਨ। 'ਯੂ ਕੈਨ' ਫਾਊਂਡੇਸ਼ਨ ਰਾਹੀਂ ਕੈਂਸਰ ਪੀੜਤਾਂ ਦੀ ਮਦਦ ਕਰਨ ਦੇ ਨਾਲ-ਨਾਲ ਉਸ ਨੇ ਸਿਹਤ ਅਤੇ ਤੰਦਰੁਸਤੀ ਨਾਲ ਜੁੜੇ ਕਈ ਕਾਰੋਬਾਰਾਂ ਵਿਚ ਵੀ ਆਪਣੀ ਸ਼ਮੂਲੀਅਤ ਦਿਖਾਈ ਹੈ।

ਯੁਵਰਾਜ ਸਿੰਘ ਨੇ ਟੀ-20 ਵਿਸ਼ਵ ਕੱਪ 2007 ਅਤੇ ਵਨਡੇ ਵਿਸ਼ਵ ਕੱਪ 2011 ਵਿੱਚ ਭਾਰਤੀ ਕ੍ਰਿਕਟ ਟੀਮ ਲਈ ਅਹਿਮ ਭੂਮਿਕਾ ਨਿਭਾਈ ਹੈ। ਹੁਣ ਉਹ ਕਾਰੋਬਾਰੀ ਦੁਨੀਆ 'ਚ ਵੀ ਆਪਣੀ ਵੱਖਰੀ ਪਛਾਣ ਬਣਾਉਣ ਲਈ ਤਿਆਰ ਹੈ। 'ਫਿਨੋ ਟਕੀਲਾ' ਦੇ ਜ਼ਰੀਏ ਉਹ ਪ੍ਰੀਮੀਅਮ ਸਪਿਰਿਟ ਬਾਜ਼ਾਰ 'ਚ ਆਪਣੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਯੁਵਰਾਜ ਸਿੰਘ ਨੇ ਆਪਣੇ ਨਵੇਂ ਉੱਦਮ ਬਾਰੇ ਕਿਹਾ, "ਜਿਵੇਂ ਕਿ ਕ੍ਰਿਕਟ ਦੇ ਮੈਦਾਨ ਵਿੱਚ, ਮੈਂ ਕਾਰੋਬਾਰ ਵਿੱਚ ਵੀ ਆਪਣਾ ਸਰਵੋਤਮ ਪ੍ਰਦਰਸ਼ਨ ਕਰਨਾ ਚਾਹੁੰਦਾ ਹਾਂ। 'ਫਿਨੋ ਟਕੀਲਾ' ਮੇਰੇ ਲਈ ਸਿਰਫ਼ ਇੱਕ ਬ੍ਰਾਂਡ ਨਹੀਂ ਹੈ, ਸਗੋਂ ਇੱਕ ਪ੍ਰੀਮੀਅਮ ਅਨੁਭਵ ਦੇਣ ਦੀ ਕੋਸ਼ਿਸ਼ ਹੈ।"

ਯੁਵਰਾਜ ਦੇ ਇਸ ਨਵੇਂ ਕਾਰੋਬਾਰੀ ਉੱਦਮ 'ਤੇ ਕ੍ਰਿਕਟ ਪ੍ਰਸ਼ੰਸਕਾਂ ਅਤੇ ਕਾਰੋਬਾਰੀ ਉਦਯੋਗ ਦੀ ਨਜ਼ਰ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਮੈਦਾਨ 'ਤੇ ਛੱਕੇ ਮਾਰਨ ਵਾਲੇ ਯੁਵਰਾਜ ਬਿਜ਼ਨੈੱਸ 'ਚ ਵੀ ਕਿਵੇਂ ਵੱਡੀ ਹਿੱਟ ਸਾਬਤ ਹੁੰਦੇ ਹਨ!

# ਬੈਨ ਤੋਂ ਬਾਅਦ RBI ਨੇ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ ਦੇ ਬੋਰਡ ਨੂੰ ਵੀ ਕੀਤਾ ਭੰਗ




ਮੁੰਬਈ - ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਨੇ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ ਲਿਮਿਟਿਡ 'ਤੇ ਬੈਨ ਲਾਉਣ ਤੋਂ ਬਾਅਦ ਬੈਂਕ ਦੇ ਨਿਰਦੇਸ਼ਕ ਬੋਰਡ ਨੂੰ 12 ਮਹੀਨਿਆਂ ਲਈ ਭੰਗ ਕਰ ਦਿੱਤਾ ਹੈ। ਆਰ. ਬੀ. ਆਈ. ਨੇ ਐੱਸ. ਬੀ. ਆਈ. ਦੇ ਸਾਬਕਾ ਚੀਫ ਜਨਰਲ ਮੈਨੇਜਰ ਸ਼੍ਰੀਕਾਂਤ ਨੂੰ ਇਸ ਮਿਆਦ ਦੌਰਾਨ ਬੈਂਕ ਦਾ ਪ੍ਰਸ਼ਾਸਕ ਨਿਯੁਕਤ ਕੀਤਾ ਹੈ।


ਭਾਰਤੀ ਰਿਜ਼ਰਵ ਬੈਂਕ ਨੇ ਪ੍ਰਸ਼ਾਸਕ ਨੂੰ ਸਹਿਯੋਗ ਕਰਨ ਲਈ ਸਲਾਹਕਾਰਾਂ ਦੀ ਇਕ ਕਮੇਟੀ ਵੀ ਬਣਾਈ ਹੈ। ਸਲਾਹਕਾਰਾਂ ਦੀ ਕਮੇਟੀ 'ਚ ਜੋ ਮੈਂਬਰ ਹਨ, ਉਨ੍ਹਾਂ 'ਚ ਐੱਸ. ਬੀ. ਆਈ. ਦੇ ਸਾਬਕਾ ਜਨਰਲ ਮੈਨੇਜਰ ਰਵਿੰਦਰ ਸਪਰਾ ਅਤੇ ਅਭਿਜੀਤ ਦੇਸ਼ਮੁਖ (ਸੀ. ਏ.) ਸ਼ਾਮਲ ਹਨ। ਅੱਜ ਸਵੇਰੇ ਇਸ ਬੈਂਕ ਦੇ ਬਾਹਰ ਗਾਹਕਾਂ ਦੀ ਭੀੜ ਇਕੱਠੀ ਹੋ ਗਈ ਸੀ।

ਆਰ. ਬੀ. ਆਈ. ਨੇ ਵੀਰਵਾਰ ਨੂੰ ਮੁੰਬਈ ਸਥਿਤ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਸਨ। ਇਨ੍ਹਾਂ ਪਾਬੰਦੀਆਂ ਦੇ ਤਹਿਤ ਬੈਂਕ ਦੇ ਗਾਹਕ ਆਪਣੇ ਖਾਤੇ 'ਚੋਂ ਪੈਸੇ ਨਹੀਂ ਕੱਢ ਸਕਦੇ ਹਨ। ਰਿਜ਼ਰਵ ਬੈਂਕ ਨੇ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ ਦੀ ਮੌਜੂਦਾ ਨਕਦੀ ਦੀ ਸਥਿਤੀ ਨੂੰ ਵੇਖਦੇ ਹੋਏ ਗਾਹਕਾਂ ਵੱਲੋਂ ਕਿਸੇ ਵੀ ਰਾਸ਼ੀ ਦੀ ਨਿਕਾਸੀ 'ਤੇ ਵੀ ਰੋਕ ਲਾ ਦਿੱਤੀ ਹੈ, ਭਾਵੇਂ ਉਨ੍ਹਾਂ ਦਾ ਕਿਸੇ ਵੀ ਤਰ੍ਹਾਂ ਦਾ ਖਾਤਾ ਹੋਵੇ।

ਚਿੰਤਾ ਦੀ ਗੱਲ ਇਹ ਹੈ ਕਿ ਆਰ. ਬੀ. ਆਈ. ਨੇ ਬੈਂਕ 'ਤੇ ਅਗਲੇ 6 ਮਹੀਨਿਆਂ ਲਈ ਬੈਨ ਲਾਇਆ ਹੈ ਅਤੇ ਫਿਲਹਾਲ ਇਸ ਦੀ ਸਮੀਖਿਆ ਵੀ ਕੀਤੀ ਜਾ ਰਹੀ ਹੈ।

ਆਰ. ਬੀ. ਆਈ. ਦੇ ਹੁਕਮਾਂ ਅਨੁਸਾਰ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ ਅੱਜ ਭਾਵ 14 ਫਰਵਰੀ ਤੋਂ ਬਿਨਾਂ ਪ੍ਰੀ-ਅਪਰੂਵਲ ਦੇ ਕੋਈ ਵੀ ਲੋਨ ਜਾਂ ਐਡਵਾਂਸ ਨਹੀਂ ਦੇਵੇਗਾ। ਨਾ ਹੀ ਇਹ ਬੈਂਕ ਕਿਸੇ ਗਾਹਕ ਦਾ ਡਿਪਾਜ਼ਿਟ ਸਵੀਕਾਰ ਕਰੇਗਾ ਅਤੇ ਨਹੀਂ ਹੀ ਉਨ੍ਹਾਂ ਦੇ ਖਾਤੇ 'ਚੋਂ ਪੈਸੇ ਕੱਢ ਕੇ ਦੇਵੇਗਾ।

ਗਾਹਕਾਂ ਨੂੰ ਦੱਸਣਯੋਗ ਹੈ ਕਿ ਉਨ੍ਹਾਂ ਦੀ ਜਮ੍ਹਾ ਰਾਸ਼ੀ 'ਚੋਂ 5 ਲੱਖ ਰੁਪਏ ਤੱਕ ਦੀ ਰਕਮ ਦੀ ਇੰਸ਼ੋਰੈਂਸ ਹੁੰਦੀ ਹੈ। ਅਜਿਹੇ 'ਚ ਨਿਊ ਇੰਡੀਆ ਕੋ-ਆਪ੍ਰੇਟਿਵ ਬੈਂਕ ਦੇ ਸਾਰੇ ਯੋਗ ਜਮ੍ਹਾਕਰਤਾ ਡਿਪਾਜ਼ਿਟ ਇੰਸ਼ੋਰੈਂਸ ਐਂਡ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ ਤੋਂ 5 ਲੱਖ ਰੁਪਏ ਤੱਕ ਦੇ ਆਪਣੀ ਜਮ੍ਹਾ ਰਾਸ਼ੀ 'ਤੇ ਡਿਪਾਜ਼ਿਟ ਇੰਸ਼ੋਰੈਂਸ ਦਾਅਵਾ ਰਾਸ਼ੀ ਹਾਸਲ ਕਰਨ ਦੇ ਹੱਕਦਾਰ ਹੋਣਗੇ।




iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini

Beautiful Smiles For Life...
CLENDON DENTAL CENTRE LTD
15 Palmers Road Clendon, Auckland
Ph: 09 266 0769, Mob: 022 040 9399
PAPATOETOE FAMILY DENTIST
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।
Dr. Inderpal Singh (BDS)
Dr. Kiranpal Kaur (BDS)
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
FREE WINZ QUOTES & ACC ACCIDENTS
Mon to Fri: 9.00am - 6.00pm

## ਉੱਤਰ-ਪੱਛਮੀ ਆਸਟ੍ਰੇਲੀਆ 'ਚ ਹੜ੍ਹ ਦੀ ਚੇਤਾਵਨੀ ਜਾਰੀ




ਸਿਡਨੀ - ਉੱਤਰ-ਪੱਛਮੀ ਆਸਟ੍ਰੇਲੀਆ ਵਿੱਚ ਸ਼ੁੱਕਰਵਾਰ ਨੂੰ ਆਏ ਇੱਕ ਗਰਮ ਖੰਡੀ ਚੱਕਰਵਾਤ ਮਗਰੋਂ ਮੋਹਲੇਧਾਰ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਹੜ੍ਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਗਰਮ ਖੰਡੀ ਚੱਕਰਵਾਤ ਜ਼ੇਲੀਆ ਸ਼ੁੱਕਰਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ ਤੋਂ ਥੋੜ੍ਹੀ ਦੇਰ ਬਾਅਦ ਸ਼੍ਰੇਣੀ 4 ਦੇ ਤੂਫਾਨ ਦੇ ਰੂਪ ਵਿੱਚ ਰਾਜ ਦੇ ਉੱਤਰ-ਪੱਛਮੀ ਪਿਲਬਾਰਾ ਖੇਤਰ ਦੇ ਛੋਟੇ ਜਿਹੇ ਕਸਬੇ ਡੀ ਗ੍ਰੇ ਦੇ ਨੇੜੇ ਪੱਛਮੀ ਆਸਟ੍ਰੇਲੀਆ (WA) ਦੇ ਤੱਟ ਨੂੰ ਪਾਰ ਕਰ ਗਿਆ। ਇਸ ਦੇ ਸ਼ਾਮ ਨੂੰ ਸ਼੍ਰੇਣੀ 5 ਦੇ ਤੂਫਾਨ ਦੇ ਰੂਪ ਵਿੱਚ ਤੱਟ ਨਾਲ ਟਕਰਾਉਣ ਦੀ ਭਵਿੱਖਬਾਣੀ ਕੀਤੀ ਗਈ ਸੀ। ਤੂਫਾਨ ਦੇ ਤੇਜ਼ੀ ਨਾਲ ਕਮਜ਼ੋਰ ਹੋਣ ਤੋਂ ਪਹਿਲਾਂ ਡੀ ਗ੍ਰੇ ਵਿਚ 220 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਅਤੇ 500 ਮਿਲੀਮੀਟਰ ਤੋਂ ਵੱਧ ਮੀਂਹ ਦਰਜ ਕੀਤਾ ਗਿਆ।

ਅਧਿਕਾਰੀਆਂ ਨੇ ਸ਼ਨੀਵਾਰ ਸਵੇਰੇ ਚੇਤਾਵਨੀ ਦਿੱਤੀ ਕਿ ਮੋਹਲੇਧਾਰ ਮੀਂਹ ਜਾਰੀ ਰਹਿਣ ਦੀ ਸੰਭਾਵਨਾ ਹੈ ਅਤੇ ਅਚਾਨਕ ਹੜ੍ਹ ਆ ਸਕਦਾ ਹੈ। ਮੌਸਮ ਵਿਗਿਆਨ ਬਿਊਰੋ (BOM) ਦੇ ਐਂਗਸ ਹਾਈਨਸ ਨੇ ਕਿਹਾ ਕਿ ਪਿਲਬਾਰਾ ਤੱਟ ਦੇ ਕੁਝ ਹਿੱਸਿਆਂ ਵਿੱਚ ਰਿਕਾਰਡ ਮੀਂਹ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ, "ਅਗਲੇ ਕਈ ਦਿਨਾਂ ਤੱਕ ਹੜ੍ਹ ਦਾ ਮਹੱਤਵਪੂਰਨ ਪ੍ਰਭਾਵ ਜਾਰੀ ਰਹੇਗਾ ਅਤੇ ਸਫਾਈ ਜਾਰੀ ਰਹਿਣ ਕਾਰਨ ਅਗਲੇ ਕਈ ਦਿਨਾਂ ਤੱਕ ਸੜਕਾਂ ਦੇ ਵੱਡੇ ਪੱਧਰ 'ਤੇ ਬੰਦ ਰਹਿਣ ਦਾ ਖਦਸ਼ਾ ਹੈ।

" ਤੇਜ਼ ਹਵਾਵਾਂ ਕਾਰਨ ਪੂਰੇ ਖੇਤਰ ਵਿੱਚ ਦਰੱਖਤ ਡਿੱਗ ਪਏ, ਪਰ ਸ਼ਨੀਵਾਰ ਸਵੇਰ ਤੱਕ ਕੋਈ ਵੱਡਾ ਨੁਕਸਾਨ ਜਾਂ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਪੱਛਮੀ ਆਸਟ੍ਰੇਲੀਆ ਦੇ ਡਿਪਾਰਟਮੈਂਟ ਆਫ਼ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਨੇ ਪਿਲਬਾਰਾ ਨਿਵਾਸੀਆਂ ਨੂੰ ਨੁਕਸਾਨੀਆਂ ਗਈਆਂ ਇਮਾਰਤਾਂ, ਹੜ੍ਹ ਦੇ ਪਾਣੀ ਅਤੇ ਡਿੱਗੀਆਂ ਬਿਜਲੀ ਦੀਆਂ ਲਾਈਨਾਂ ਅਤੇ ਦਰੱਖਤਾਂ ਦੇ ਆਲੇ-ਦੁਆਲੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ।

## ਜੈਸ਼ੰਕਰ ਨੇ ਮਿਊਨਿਖ 'ਚ ਯੂਕ੍ਰੇਨੀ ਹਮਰੁਤਬਾ ਨਾਲ ਕੀਤੀ ਮੁਲਾਕਾਤ



ਮਿਊਨਿਖ - ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸ਼ਨੀਵਾਰ ਨੂੰ ਮਿਊਨਿਖ ਸੁਰੱਖਿਆ ਕਾਨਫਰੰਸ ਦੇ ਮੌਕੇ 'ਤੇ ਆਪਣੇ ਯੂਕ੍ਰੇਨੀ ਹਮਰੁਤਬਾ ਐਂਡਰੀ ਸਿਬੀਹਾ ਨਾਲ ਮੁਲਾਕਾਤ ਕੀਤੀ ਅਤੇ ਯੂਕ੍ਰੇਨ ਵਿੱਚ ਚੱਲ ਰਹੇ ਸੰਘਰਸ਼ ਨੂੰ ਹੱਲ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਜੈਸ਼ੰਕਰ ਨੇ 'ਐਕਸ' 'ਤੇ ਆਪਣੀ ਪੋਸਟ ਵਿੱਚ ਕਿਹਾ, "ਅੱਜ ਐੱਮ. ਐੱਸ.ਸੀ. 2025 ਦੇ ਮੌਕੇ 'ਤੇ ਯੂਕ੍ਰੇਨ ਦੇ ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੂੰ ਮਿਲ ਕੇ ਚੰਗਾ ਲੱਗਿਆ।

ਯੂਕ੍ਰੇਨ ਸੰਘਰਸ਼ ਨੂੰ ਹੱਲ ਕਰਨ ਲਈ ਚੱਲ ਰਹੇ ਯਤਨਾਂ 'ਤੇ ਚਰਚਾ ਹੋਈ। ਸਾਡੇ ਦੁਵੱਲੇ ਸਹਿਯੋਗ ਨੂੰ ਅੱਗੇ ਵਧਾਉਣ ਬਾਰੇ ਵੀ ਗੱਲਬਾਤ ਹੋਈ।"

ਜੈਸ਼ੰਕਰ ਇੱਥੇ ਮਿਊਨਿਖ ਸੁਰੱਖਿਆ ਕਾਨਫਰੰਸ 2025 ਵਿੱਚ ਸ਼ਾਮਲ ਹੋਣ ਲਈ ਆਏ ਹਨ ਅਤੇ ਉਨ੍ਹਾਂ ਨੇ ਦੁਨੀਆ ਭਰ ਦੇ ਕਈ ਨੇਤਾਵਾਂ ਨਾਲ ਮੁਲਾਕਾਤ ਕੀਤੀ।

ਵਿਦੇਸ਼ ਮੰਤਰੀ ਨੇ 'ਲਾਈਵ ਟੂ ਵੋਟ ਅਨਦਰ ਡੇ: ਫੋਰਟੀਫਾਈਂਗ ਡੈਮੋਕ੍ਰੇਟਿਕ ਰੈਜ਼ੀਲੈਂਸ' ਵਿਸ਼ੇ 'ਤੇ ਇੱਕ ਪੈਨਲ ਚਰਚਾ ਵਿੱਚ ਹਿੱਸਾ ਲਿਆ, ਜਿਸ ਵਿੱਚ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਿਰ ਸਟੋਰ, ਮਿਸ਼ੀਗਨ ਦੀ ਸੈਨੇਟਰ ਐਲਿਸਾ ਸਲੋਟਕਿਨ ਅਤੇ ਵਾਰਸਾ ਦੇ ਮੇਅਰ ਰਾਫਾਲ ਟ੍ਰਜ਼ਾਸਕੋਵਸਕੀ ਵੀ ਸ਼ਾਮਲ ਸਨ।

ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਜਰਮਨ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਨਾਲ ਵੀ ਮੁਲਾਕਾਤ ਕੀਤੀ ਅਤੇ ਮੁਲਾਕਾਤ ਦੌਰਾਨ ਦੁਵੱਲੇ ਸਹਿਯੋਗ ਅਤੇ ਯੂਕ੍ਰੇਨ ਦੀ ਸਥਿਤੀ 'ਤੇ ਚਰਚਾ ਕੀਤੀ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਿਰਫ਼ ਤਾਂ ਹੀ ਮਿਲਣ ਲਈ ਸਹਿਮਤ ਹੋਣਗੇ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸਾਂਝੀ ਯੋਜਨਾ 'ਤੇ ਗੱਲਬਾਤ ਹੋ ਜਾਵੇਗੀ।

ਜ਼ੇਲੇਂਸਕੀ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿਚ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਟਰੰਪ ਰੂਸ-ਯੂਕ੍ਰੇਨ ਸੰਘਰਸ਼ ਨੂੰ ਖਤਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।








# ਮੋਨਾਲੀਸਾ ਨਾਲ ਸੈਲਫੀ ਲੈਣ ਲਈ ਇਕੱਠੀ ਹੋਈ ਲੋਕਾਂ ਦੀ ਭੀੜ





ਮੁੰਬਈ- ਮੋਨਾਲੀਸਾ, ਜੋ ਕਿ ਮਹਾਕੁੰਭ 2025 ਤੋਂ ਆਪਣੀ ਸੁੰਦਰਤਾ ਲਈ ਵਾਇਰਲ ਹੋਈ ਸੀ, ਇਨ੍ਹੀਂ ਦਿਨੀਂ ਇੱਕ ਨਵੇਂ ਸਟਾਰਡਮ ਦਾ ਸਾਹਮਣਾ ਕਰ ਰਹੀ ਹੈ ਜੋ ਉਸ ਦੇ ਲਈ ਬਹੁਤ ਖਾਸ ਹੈ। ਆਪਣਾ ਅਦਾਕਾਰੀ ਕਰੀਅਰ ਸ਼ੁਰੂ ਕਰਨ ਤੋਂ ਪਹਿਲਾਂ, ਮੋਨਾਲੀਸਾ ਸਿੱਖਿਆ ਸਮੇਤ ਕਈ ਚੀਜ਼ਾਂ ਦੀ ਸਿਖਲਾਈ ਲੈ ਰਹੀ ਹੈ। ਇਸ ਦੌਰਾਨ, ਮੋਨਾਲੀਸਾ ਇੱਕ ਸਮਾਗਮ 'ਚ ਸ਼ਾਮਲ ਹੋਣ ਲਈ ਕੇਰਲ ਪਹੁੰਚੀ। ਇਸ ਸਮੇਂ ਦੌਰਾਨ, ਮੋਨਾਲੀਸਾ ਨੇ ਹਵਾਈ ਅੱਡੇ ਤੋਂ ਲੈ ਕੇ ਪ੍ਰੋਗਰਾਮ ਤੱਕ ਹਰ ਜਗ੍ਹਾ ਆਪਣੇ ਆਪ ਨੂੰ ਇੱਕ ਹੀਰੋਇਨ ਅਤੇ ਸਟਾਰ ਵਾਂਗ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਹਵਾਈ ਅੱਡੇ 'ਤੇ ਬਹੁਤ ਸਾਰੇ ਲੋਕਾਂ ਨੇ ਮੋਨਾਲੀਸਾ ਨਾਲ ਸੈਲਫੀ ਲਈ ਪਰ ਉਸ ਦੀ ਪ੍ਰਸਿੱਧੀ ਇਸ ਸਮਾਗਮ 'ਚ ਸਾਫ਼ ਦਿਖਾਈ ਦੇ ਰਹੀ ਸੀ।

ਮੋਨਾਲੀਸਾ ਇਸ ਐਕਸਪੋਜਰ ਤੋਂ ਖੁਸ਼ ਅਤੇ ਥੋੜ੍ਹੀ ਡਰੀ ਹੋਈ ਦਿਖਾਈ ਦੇ ਰਹੀ ਸੀ ਪਰ ਉਹ ਆਖਰਕਾਰ ਕੇਰਲ ਪਹੁੰਚ ਗਈ ਅਤੇ ਉੱਥੇ ਇੱਕ ਪ੍ਰੋਗਰਾਮ 'ਚ ਹਿੱਸਾ ਲਿਆ। ਹੁਣ ਉਸ ਸਮਾਗਮ ਦੀਆਂ ਮੋਨਾਲੀਸਾ ਦੀਆਂ ਕੁਝ ਤਸਵੀਰਾਂ ਅਤੇ ਵੀਡੀਓ ਵਾਇਰਲ ਹੋ ਰਹੀਆਂ ਹਨ। ਬਹੁਤ ਸਾਰੇ ਪ੍ਰਸ਼ੰਸਕ ਉਸ ਨਾਲ ਸੈਲਫੀ ਲੈਣ ਲਈ ਭੀੜ ਲਗਾਉਂਦੇ ਦੇਖੇ ਗਏ। ਇਸ ਦੇ ਨਾਲ ਹੀ, ਸਾਹਮਣੇ ਆਈ ਵੀਡੀਓ ਵਿੱਚ, ਤੁਸੀਂ ਦੇਖ ਸਕਦੇ ਹੋ ਕਿ ਮੋਨਾਲੀਸਾ ਨੂੰ ਬਹੁਤ ਸਾਰੇ ਤੋਹਫ਼ੇ ਮਿਲੇ ਹਨ ਜਿਸ 'ਚ ਇੱਕ ਹੀਰੇ ਦਾ ਹਾਰ ਵੀ ਸ਼ਾਮਲ ਹੈ।



ਤੁਹਾਨੂੰ ਦੱਸ ਦੇਈਏ ਕਿ ਮੋਨਾਲੀਸਾ ਨੇ ਇਸ ਸਮਾਗਮ ਲਈ ਗੁਲਾਬੀ ਰੰਗ ਦਾ ਲਹਿੰਗਾ ਪਾਇਆ ਸੀ। ਵਾਲਾਂ ਨੂੰ ਚੰਗੇ ਤਰੀਕੇ ਨਾਲ ਸਟਾਈਲ ਕੀਤਾ ਗਿਆ ਸੀ ਅਤੇ ਹਲਕਾ ਮੇਕਅੱਪ ਵੀ ਕੀਤਾ ਗਿਆ ਸੀ। ਇਸ ਲੁੱਕ 'ਚ ਮੋਨਾਲੀਸਾ ਬਹੁਤ ਖੂਬਸੂਰਤ ਲੱਗ ਰਹੀ ਸੀ। ਉਸ ਨੇ ਆਪਣਾ ਫੋਟੋਸ਼ੂਟ ਕਰਵਾਇਆ ਅਤੇ ਲੋਕਾਂ ਨਾਲ ਤਸਵੀਰਾਂ ਵੀ ਖਿਚਵਾਈਆਂ। ਮੋਨਾਲੀਸਾ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ ਅਤੇ ਇਸ 'ਚ ਉਹ ਸਟੇਜ 'ਤੇ ਦਿਖਾਈ ਦੇ ਰਹੀ ਹੈ। ਇਸ ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਲੋਕ ਮੋਨਾਲੀਸਾ ਦੀ ਇੱਕ ਝਲਕ ਪਾਉਣ ਲਈ ਕਿਵੇਂ ਬੇਤਾਬ ਹੋ ਰਹੇ ਸਨ ਅਤੇ ਉਸ ਨਾਲ ਤਸਵੀਰਾਂ ਖਿਚਵਾਉਣਾ ਚਾਹੁੰਦੇ ਸਨ। ਤੁਹਾਨੂੰ ਦੱਸ ਦੇਈਏ ਕਿ ਮੋਨਾਲੀਸਾ ਮਹਾਕੁੰਭ ਤੋਂ ਵਾਇਰਲ ਹੋ ਗਈ ਸੀ।

ਉਹ ਮਹਾਕੁੰਭ 'ਚ ਹਾਰ ਅਤੇ ਰੁਦਰਾਕਸ਼ ਵੇਚਦੀ ਸੀ ਅਤੇ ਲੋਕ ਉਸ ਦੀਆਂ ਸੁੰਦਰ ਅੱਖਾਂ ਦੇ ਦੀਵਾਨੇ ਹੋ ਗਏ ਸਨ। ਮੋਨਾਲੀਸਾ ਇੰਨੀ ਵਾਇਰਲ ਹੋ ਗਈ ਕਿ ਉਸ ਨੂੰ ਫਿਲਮਾਂ ਦੇ ਆਫਰ ਮਿਲਣੇ ਸ਼ੁਰੂ ਹੋ ਗਏ ਅਤੇ ਜਲਦੀ ਹੀ ਉਹ ਇੱਕ ਫਿਲਮ ਵਿੱਚ ਇੱਕ ਅਦਾਕਾਰਾ ਦੇ ਰੂਪ ਵਿੱਚ ਨਜ਼ਰ ਆਵੇਗੀ।



# ਤੀਆਂ ਦਾ ਵਿਸਰਨਾ





1947 ਦੀ ਵੰਡ ਤੋਂ ਬਾਅਦ ਕਈ ਸੁਹਾਗਣਾਂ ਦੇ ਸੰਧੂਰ ਪੂੰਝੇ ਗਏ। ਸਿਰਾਂ ਦੀਆਂ ਫ਼ੁਲਕਾਰੀਆਂ ਦੀ ਥਾਂ ਚਿੱਟੀਆਂ ਚੁੰਨੀਆਂ ਨੇ ਲੈ ਲਈ। ਵੀਣੀਆਂ ਵਿਚੋਂ ਵੰਙਾਂ ਟੁੱਟ ਗਈਆਂ। ਪੈਰਾਂ ਦੀਆਂ ਝਾਂਜਰਾਂ ਦੇ ਬੋਰ ਛਣਕਣੋਂ ਹਟ ਹਏ ।ਹਸੂੰ-ਹਸੂੰ ਕਰਦੇ ਚਿਹਰਿਆਂ ਤੇ ਉਦਾਸੀ ਛਾਅ ਗਈ। ਸੇਬ ਵਾਂਗ ਭਖਦੇ ਚਿਹਰੇ ਪਿਲੱਤਣ ਮਾਰ ਗਏ। ਦਿਲ ਵਿਚ ਪਿਆਰ ਦੀ ਥਾਂ ਨਸੂਰ ਰਿਸਣ ਲੱਗਾ। ਮਾਵਾਂ ਦੀਆਂ ਆਂਦਰਾਂ ਵਿਲਕਣ ਲੱਗੀਆਂ।ਧੀਆਂ ਪੇਕੇ ਤਾਂ ਆਉਂਦੀਆਂ ਰਹੀਆਂ ਪਰ ਤੀਆਂ ਵਿਚ ਜਾਣਾ ਭੁੱਲਦੀਆਂ ਗਈਆਂ।

ਇਸ ਤੋਂ ਬਾਅਦ ਪੰਜਾਬ ਵਿਚ ਦਹਿਸ਼ਤ ਦਾ ਮਹੌਲ ਸਭ ਤੋਂ ਪਹਿਲਾਂ ਧੀਆਂ ਦੇ ਬਾਹਰ ਜਾਣ ਤੇ ਪਾਬੰਦੀ ਲਾਉਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਰਿਹਾ। 1984 ਦੇ ਦੰਗੇ, ਕਾਲੇ ਕੱਛਿਆਂ ਵਾਲੇ ਅਤੇ ਸਮੇਂ-ਸਮੇਂ ‘ਤੇ ਧਾੜਵੀਆਂ ਦੇ ਡਰ ਨਾਲ ਪਿੱਪਲਾਂ ਅਤੇ ਬਰੋਟਿਆਂ ਹੇਠਾਂ ਪੀਂਘਾਂ ਪਾਉਣ ਦੀ ਰੀਤ ਵੀ ਅਲੋਪ ਹੋ ਗਈ। ਸਮਾਜ ਸੁਧਾਰ ਲਹਿਰ ਵਲੋਂ ਗਿੱਧਾ ਪਾਉਣ’ਤੇ ਲਾਈ ਪਾਬੰਦੀ ਦੀ ਹਾਮੀ ਇਹ ਪੰਜਾਬੀ ਲੋਕ ਬੋਲੀ ਭਰਦੀ ਹੈ:

‘ਮਰ ਜਾਣ ਸਿੰਘ ਸਭੀਏ, ਜਿਹੜੇ ਗਿੱਧਾ ਪਾਉਣ ਨਹੀਂ ਦਿੰਦੇ।’

ਨੌਕਰੀ-ਪੇਸ਼ੇ ਵਾਲੀਆਂ ਨਵੀਆਂ ਵਿਆਹੀਆਂ ਸਹੁਰਿਆਂ ਦੀ ਬਜਾਏ ਕੰਮ -ਕਾਜ ਵਾਲੀ ਥਾਂ ਜਾ ਕੇ ਘਰ ਵਸਾਉਣ ਲੱਗੀਆਂ। ਕੰਮ ਨੂੰ ਤਰਜੀਹ ਦੇਣ ਕਾਰਨ ਧੀਆਂ ਦਾ ਤੀਆਂ ਨੂੰ ਪੇਕੇ ਆਉਣਾ ਘਟ ਗਿਆ। ਕਾਲੇ ਮਹੀਨੇ ਵਾਲੀ ਗੱਲ ਮਹਿਜ਼ ਵਹਿਮ-ਭਰਮ ਮੰਨੀ ਜਾਣ ਲੱਗ ਪਈ।

ਧੀਆਂ ਨੂੰ ਕਨੂੰਨੀ ਤੌਰ ‘ਤੇ ਮਾਂ-ਬਾਪ ਦੀ ਜੱਦੀ ਜਾਇਦਾਦ ਵਿਚ ਪੁੱਤਾਂ ਬਰਾਬਰ ਹਿੱਸਾ ਮਿਲਣ ਲੱਗ ਪਿਆ। ਜਿਹੜੀਆਂ ਭੈਣਾਂ ਨੇ ਇੱਛਾ ਮੁਤਾਬਿਕ ਜਾਂ ਸਹੁਰਿਆਂ ਵਲੋਂ ਮਜਬੂਰ ਕਰਨ ਕਾਰਨ ਭਰਾਵਾਂ ਨਾਲੋਂ ਹਿੱਸਾ ਵੰਡ ਲਿਆ, ਉਹ ਭੈਣਾਂ ਦੀ ਬਜਾਏ ਸ਼ਰੀਕ ਅਖਵਾਉਣ ਲੱਗ ਪਈਆਂ।ਸਿੱਟੇ ਵਜੋਂ ਉਨ੍ਹਾਂ ਦਾ ਸੰਧਾਰਾ ਬੰਦ ਹੋ ਗਿਆ।

ਅਸੀਂ ਇਸ ਗੱਲ ਤੋਂ ਭਲੀ ਭਾਂਤ ਵਾਕਿਫ਼ ਹਾਂ ਕਿ ਮੁੱਢ ਕਦੀਮ ਤੋਂ ਹੀ ਧੀ ਦੇ ਜਨਮ ਵੇਲੇ ਸਾਰਾ ਘਰ ਸੋਗ ਵਿਚ ਡੁੱਬ ਜਾਂਦਾ ਸੀ। ਕਈ ਥਾਵਾਂ ਤੇ ਧੀ ਨੂੰ ਜੰਮਦੇ ਹੀ ਮਾਰ ਦਿੱਤਾ ਜਾਂਦਾ ਸੀ। ਇਸਦਾ ਕਾਰਨ ਇਹ ਹੀ ਸੀ ਪੰਜਾਬ ਹਮੇਸ਼ਾ ਹਮਲਾਵਰਾਂ ਦੇ ਘੇਰੇ ਵਿਚ ਘਿਰਿਆ ਰਿਹਾ ਹੈ। ਇਹ ਹਮਲਾਵਰ ਧੰਨ-ਮਾਲ ਦੀ ਲੁੱਟ-ਖੋਹ ਦੇ ਨਾਲ ਧੀਆਂ -ਭੈਣਾਂ ਦੀ ਬੇਪਤੀ ਵੀ ਕਰਦੇ ਸਨ।

ਧੀ ਰੂਪੀ ਕਰੂੰਬਲ ਵੱਡੀ ਹੁੰਦੇ ਹੀ ਪਤਾ ਨਹੀਂ ਕਿਹੜੇ ਵੇਲੇ ਕਿਸ ਨੇ ਕਿੱਥੇ ਤੇ ਕਦੋਂ ਮਸਲ ਦੇਣੀ ਹੁੰਦੀ ਸੀ? ਦਾਜ ਪ੍ਰਥਾ ਨੇ ਧੀਆਂ ਦੇ ਮਾਪਿਆਂ ਦਾ ਦਿਨ ਦਾ ਚੈਨ ਅਤੇ ਰਾਤ ਦੀ ਨੀਂਦ ਉਡਾਉਣ ਵਿਚ ਕਈ ਕਸਰ ਨਹੀਂ ਛੱਡੀ। ਧੀਆਂ ਦਾਜ ਦੀ ਬਲੀ ਚੜ੍ਹਨ ਲੱਗੀਆਂ। ਸਿੱਟੇ ਵਜੋਂ ਧੀਆਂ ਕੁੱਖ਼ਾਂ ਵਿਚ ਮਾਰੀਆਂ ਜਾਣ ਲੱਗ ਪਈਆਂ।

ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਪੰਜਾਬਣਾਂ ਨੇ ਪੰਜਾਬੀ ਸੂਟ ਭੁੱਲ ਕੇ ਪੱਛਮੀ ਪਹਿਰਾਵੇ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ।ਇਸ ਤਬਦੀਲੀ ਦਾ ਤੀਆਂ ਦੇ ਤਿਉਹਾਰ ਤੇ ਪ੍ਰਭਾਵ ਪੈਣਾ ਸੁਭਾਵਿਕ ਸੀ।

# ਤੀਆਂ ਦਾ ਬਦਲਿਆ ਰੂਪ

ਆਮ ਕਿਹਾ ਜਾਂਦਾ ਜੈ ਕਿ ਕਿਸੇ ਵੀ ਚੀਜ਼ ਦਾ ਬੀਜ ਨਾਸ਼ ਨਹੀਂ ਹੁੰਦਾ। ਇਸ ਲਈ ਪੰਜਾਬ ਵਿਚ ਤੀਆਂ ਨੂੰ ਟਾਵੇਂ-ਟਾਵੇਂ ਸੰਧਾਰੇ ਜਾਂਦੇ ਰਹੇ। ਕਈ ਥਾਵਾਂ ‘ਤੇ ਸਹੁਰੇ ਪਰਿਵਾਰ ਵਾਲੇ ਪੂਰੇ ਉਤਸ਼ਾਹ ਨਾਲ ਨਵ-ਵਿਆਹੀਆਂ ਨੂੰ ਤੀਆਂ ਦੀ ਰਸਮ ਪੂਰੀ ਕਰਨ ਲਈ ਭੇਜਦੇ ਰਹੇ। ਸੁਭਾਵਿਕ ਹੀ ਇਸ ਤਿਉਹਾਰ ਦਾ ਰੂਪ ਬਦਲ ਗਿਆ। ਸਿੱਟੇ ਵਜੋਂ ਇਸ ਤਿਉਹਾਰ ਵਿਚੋਂ ਪੀਂਘਾਂ ਅਤੇ ਗਿੱਧਾ ਮਨਫ਼ੀ ਹੋ ਗਏ।

ਅਜੋਕੀਆਂ ਤੀਆਂ:

ਅਜੋਕੀਆਂ ਤੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ।ਪਹਿਲੇ ਹਿੱਸੇ ਵਿਚ ਪਰਵਾਸ ਦੀਆਂ ਤੀਆਂ ਕਿਉਂਕਿ ਪੰਜਾਬੀਆਂ ਦੀ ਵੱਡੀ ਗਿਣਤੀ ਅੱਜ ਪੰਜਾਬ ਛੱਡ ਕੇ ਪਰਦੇਸਾਂ ਵਿਚ ਜਾ ਵਸੀ ਹੈ।

ਪੰਜਾਬੀ ਜਿੱਥੇ ਵੀ ਗਏ ਹਨ, ਮਿੱਟੀ ਦਾ ਮੋਹ, ਬੋਲੀ ਅਤੇ ਸਭਿਆਚਾਰ ਸਭ ਕੁੱਝ ਦਿਲਾਂ ਵਿਚ ਵਸਾ ਕੇ ਲੈ ਗਏ ਹਨ।ਪਰਦੇਸਾਂ ਵਿਚ ਵਸਦੇ ਪੰਜਾਬ ਅਤੇ ਪੰਜਾਬੀਆਂ ਦੀ ਵਿਸ਼ਾਲਤਾ ਦੀ ਤਰਜ਼ਮਾਨੀ ਮੇਰੀ ਨਿਮਨਲਿਖਤ ਨਜ਼ਮ ਕਰਦੀ ਹੈ:

ਚਿਹਰੇ ‘ਤੇ ਮੁਸਕਾਨ ਜਿਨ੍ਹਾਂ ਦੇ,
ਨੈਣਾਂ ਵਿਚ ਖ਼ੁਮਾਰੀ ਏ।
ਉੱਦਮ ਨਾਲ ਯਰਾਨਾ ਰੱਖਣ,
ਹਰ ਥਾਂ ‘ਤੇ ਸਰਦਾਰੀ ਏ।
ਸੋਂਹਦੇ ਚੀਰੇ ਅਤੇ ਲਹਿਰੀਏ,
ਪੈਰਾਂ ਵਿਚ ਗੁਰਗਾਬੀ ਮਾਂ।
ਆਉਂਦੇ ਜਾਂਦੇ ਸ਼ਾਮ ਸਵੇਰੇ,
ਤੱਕਦੀ ਹਾਂ ਪੰਜਾਬੀ ਮਾਂ।

ਮਾਖਿਉਂ ਮਿੱਠੇ ਬੋਲ ਬੋਲਦੇ,
ਪੌਣਾਂ ਵਿਚ ਰਸ ਘੋਲਣ ਇਹ,
ਕੰਮ ਵੇਲੇ ਅੰਗਰੇਜ਼ੀ ਭਾਵੇਂ,
ਘਰ ਪੰਜਾਬੀ ਬੋਲਣ ਇਹ।
ਖੁੱਲ੍ਹੇ ਡੁੱਲ੍ਹੇ ਦਿਲ ਇਨ੍ਹਾਂ ਦੇ,
ਰੱਖਣ ਸੋਚ *ਉਕਾਬੀ ਮਾਂ।
ਆਉਂਦੇ ਜਾਂਦੇ ਸ਼ਾਮ ਸਵੇਰੇ,
ਤੱਕਦੀ ਹਾਂ...
ਸਾਹਿਤਕਾਰ ਵੀ ਹਨ ਕੁੱਝ ਏਥੇ,
ਗੋਡੀ ਸਾਹਿਤ ਦੀ ਕਰਦੇ ਨੇ।
ਨਜ਼ਮਾਂ ਦੇ ਮਿਲ ਹਾਰ ਪਰੋਂਦੇ,
ਮਹਿਕ ਸਾਹਾਂ ਵਿਚ ਭਰਦੇ ਨੇ।
ਖਿੜੀਆਂ ਹੋਈਆਂ ਕਲਮਾਂ ‘ਤੇ.
ਹੁਣ ਸੋਂਹਦੇ ਫ਼ੁੱਲ ਗ਼ੁਲਾਬੀ ਮਾਂ।
ਆਉਂਦੇ ਜਾਂਦੇ ਸ਼ਾਮ ਸਵੇਰੇ,
ਤੱਕਦੀ ਹਾਂ ...
ਹਰ ਖੇਤਰ ਵਿਚ ਸਭ ਤੋਂ ਅੱਗੇ,
ਦੇਸ ਦਾ ਮਾਣ ਵਧਾਉਂਦੇ ਨੇ।
ਤੀਆਂ ਅਤੇ ਵਿਸਾਖੀ ਨੂੰ,
ਮਿਲ ਗਿੱਧੇ ਭੰਗੜੇ ਪਾਉਂਦੇ ਨੇ।
ਡਾਕਟਰ ‘ਤੇ ਇੰਜਨੀਅਰ ਲੱਗੇ,
ਰੱਖਣ ਟੌਰ੍ਹ ਨਵਾਬੀ ਮਾਂ।
ਆਉਂਦੇ ਜਾਂਦੇ ਸ਼ਾਮ ਸਵੇਰੇ,
ਤੱਕਦੀ ਹਾਂ ...

* ਉਕਾਬ ਦੇ ਆਲ੍ਹਣੇ ਜਿੰਨੀ ਉੱਚੀ..

ਪੰਜਾਬੀ ਅਲੋਚਕ ਇਸ ਨਿਰਛੱਲ ਮੋਹ ਨੂੰ ਅਕਸਰ ਹੀ ਭੂ-ਹੇਰਵਾ ਆਖਦੇ ਹੋਏ ਮੁਸਕੜੀਆਂ ਵਿਚ ਹੱਸਦੇ ਹਨ। ਸ਼ਾਇਰ ਮਦਨ ਵੀਰਾ ਮੇਰੀ ਪੁਸਤਕ ਸਾਡੀਆਂ ਰਸਮਾਂ ਸਾਡੇ ਗੀਤ ਬਾਰੇ ਮੈਨੂੰ ਕਹਿੰਦਾ ਹੈ, “ਨੀਲਮ ਤੇਰੀ ਇਹ ਪੁਸਤਕ ਅਚੇਤ ਜਾਂ ਸੁਚੇਤ ਰੂਪ ਵਿਚ ਭੂ-ਹੇਰਵੇ ਦੀ ਦੇਣ ਹੈ।”

ਇਹ ਇਕ ਵੱਖਰਾ ਵਿਸ਼ਾ ਹੈ ਪਰ ਅਸੀਂ ਇਸ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਅੱਜ ਪੰਜਾਬੀਆਂ ਨੇ ਪਰਦੇਸਾਂ ਵਿਚ ਪੰਜਾਬੀ ਅਤੇ ਪੰਜਾਬ ਦਾ ਅਮੀਰ ਵਿਰਸਾ ਸਾਂਭ ਕੇ ਸੱਚਮੁਚ ਅਨੇਕਾਂ ਪੰਜਾਬ ਵਸਾ ਦਿੱਤੇ ਹਨ।ਅੱਜ ਇਹ ਅਨੇਕਾਂ ਪੰਜਾਬ ਉਸ ਰੰਗਲੇ ਪੰਜਾਬ ਦੀ ਮੂੰਹ-ਬੋਲਦੀ ਤਸਵੀਰ ਹਨ ਜੋ ਇਨ੍ਹਾਂ ਦੇ ਚੇਤਿਆਂ ਵਿਚ ਵਸਦਾ ਹੈ।

**- ਨੀਲਮ ਸੈਣੀ**

**Harcourts** Manukau Titanium Real Estate Ltd

# THINKING OF BUYING OR SELLING

## ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

## ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਤਜ਼ਰਬੇਕਾਰ ਸਲਾਹਕਾਰ

## Hardev Brar

Sales Consultant

**M** 027 442 7338 **P** 09 277 9780

hardev.brar@harcourts.co.nz

www.manukau.harcourts.co.nz

12 Osterley Way, Manukau, Auckland 2104
PO Box 23-572, Manukau



# ਪੰਜਾਬੀ ਪਕਵਾਨ

## ਸਬਜ਼ੀਆਂ ਚੀਰਨ ਅਤੇ ਛਿੱਲਣ ਸੰਬੰਧੀ

- ਪਾਣੀ ਵਿੱਚ ਘੁਲਣਸ਼ੀਲ ਵਿਟਾਮਨ ਨੂੰ ਬਚੌਣ ਦੇ ਲਈ ਸਬਜ਼ੀਆਂ ਨੂੰ ਕੱਟਣ ਜਾਂ ਚੀਰਨ ਤੋਂ ਪਹਿਲਾਂ ਧੋਵੋ।
- ਖਣਿਜ ਪਦਾਰਥਾਂ ਅਤੇ ਵਿਟਾਮਨਾਂ ਨੂੰ ਬਚਾਉਣ ਲਈ ਸਬਜ਼ੀਆਂ ਨੂੰ ਪਤਲਾ ਜਿਹਾ ਛਿੱਲੋ।



- ਰੰਗ ਬਦਲਣ ਤੋਂ ਬਚਾਉਣ ਲਈ ਕੱਟੇ ਹੋਏ ਆਲੂਆਂ ਅਤੇ ਬੈਂਗਣਾਂ ਨੂੰ ਪਾਣੀ ਵਿੱਚ ਭਿਉਂਕੇ ਰੱਖੋ।
- ਜੇ ਤੁਸੀਂ ਸਬਜ਼ੀਆਂ ਨੂੰ ਪਾਣੀ ਵਿੱਚ ਉਬਾਲਦੇ ਹੋ, ਪਾਣੀ ਨੂੰ ਡੋਲ੍ਹੋ ਨਾ, ਇਸ ਨੂੰ ਤਰੀ ਬਣਾਉਣ ਲਈ ਵਰਤੋਂ।
- ਕੱਟਣ ਬਾਦ ਸੇਬਾਂ ਨੂੰ ਭੂਰੇ ਹੋਣ ਤੋਂ ਬਚਾਉਣ ਲਈ, ਕੱਟੇ ਹੋਏ ਪਾਸੇ ਤੇ ਨਿੰਬੂ ਦਾ ਰਸ ਮਲ ਦੇਵੋ। ਸੇਬ ਲੰਬੇ ਸਮੇਂ ਲਈ ਖਰਾਬ ਨਹੀਂ ਹੋਣਗੇ ਅਤੇ ਤਾਜ਼ੇ ਹੀ ਵਿਖਾਈ ਦੇਣਗੇ।
- ਫਰਿੱਜ਼ ਵਿੱਚ ਧਨੀਏ ਦੇ ਪੱਤਿਆਂ ਨੂੰ ਮਲਮਲ ਦੇ ਕੱਪੜੇ ਵਿੱਚ ਬੰਨ੍ਹਕੇ ਰੱਖੋ। ਉਹ ਲੰਬਾ ਸਮਾਂ ਤਾਜ਼ਾ ਰਹਿਣਗੇ।
- ਭੰਡਾਰ ਕਰਨ ਦੇ ਲਈ ਹਰੀਆਂ ਮਿਰਚਾਂ ਦੀਆਂ ਡੰਡੀਆਂ ਤੋੜ ਦੇਵੋ। ਇਸ ਨਾਲ ਉਹਨਾਂ ਦੀ ਤਾਜ਼ਗੀ ਬਣੀ ਰਹੇਗੀ।
- ਪਿਆਜ ਨੂੰ ਛਿੱਲਣ ਤੋਂ ਬਾਅਦ ਇਸਨੂੰ ਵਿਚਕਾਰੋਂ ਕੱਟ ਲਵੋ ਅਤੇ ਕੱਟਣ ਤੋਂ ਪਹਿਲਾਂ ਇਸਨੂੰ 10 ਮਿੰਟ ਪਾਣੀ ਵਿੱਚ ਭਿਉਂਕੇ ਰੱਖੋ। ਅੱਖਾਂ ਵਿੱਚੋਂ ਪਾਣੀ ਨਹੀਂ ਨਿਕਲੇਗਾ।
- ਬਦਾਮਾਂ ਨੂੰ 10 ਮਿੰਟ ਉੱਬਲਦੇ ਪਾਣੀ ਵਿਚ ਪਾਕੇ ਰੱਖੋ। ਇਸਦਾ ਛਿਲਕਾ ਆਸਾਨੀ ਨਾਲ ਉਤਰ ਜਾਵੇਗਾ।
- ਸਬਜੀਆਂ ਨੂੰ ਤਿੱਖੇ ਚਾਕੂ ਨਾਲ ਲੱਕੜੀ ਦੇ ਬੋਰਡ ਤੇ ਰੱਖਕੇ ਕਈ ਤਰੀਕਿਆਂ ਨਾਲ ਕੱਟਿਆ ਜਾ ਸਕਦਾ ਹੈ, ਸੰਗਮਰਮਰ ਉਪਰ ਕੱਟਣ ਨਾਲ ਚਾਕੂ ਖੁੰਢਾ ਹੋ ਜਾਂਦਾ ਹੈ।
- ਮੱਕੀ ਦੀ ਛੱਲੀ ਤੋਂ ਬਾਹਰਲੇ ਪੱਤੇ ਅਤੇ ਵਾਲ ਲਾਹ ਦੇਵੋ। ਛੱਲੀ ਨੂੰ ਬਰੋਡ ਵਿੱਚ ਸਿੱਧਿਆਂ ਚੰਗੀ ਤਰ੍ਹਾਂ ਘੁੱਟਕੇ, ਤਿੱਖੀ ਕਰਦ ਲੈ ਕੇ ਦਾਣਿਆਂ ਦੇ ਵਿਚਕਾਰ ਦੀ ਹੇਠਾਂ ਵੱਲ ਨੂੰ ਫੇਰੋ। ਦਾਣੇ ਨਿਕਲ ਜਾਣਗੇ।
- ਫ਼ਲਾਂ ਅਤੇ ਸਬਜ਼ੀਆਂ ਨੂੰ ਫਰਿੱਜ਼ ਵਿੱਚ ਰੱਖਣ ਤੋਂ ਪਹਿਲਾਂ ਅਖਬਾਰ ਵਿਚ ਲਪੇਟ ਦੇਵੋ। ਇਹ ਤਾਜ਼ਾ ਰਹਿਣਗੇ।
- ਸੁੱਕੇ ਫਲਾਂ ਨੂੰ ਕੱਟਣ ਲਈ-ਇਹਨਾਂ ਨੂੰ ਪਹਿਲਾਂ ਇਕ ਘੰਟਾ ਫਰਿੱਜ਼ ਵਿੱਚ ਜੰਮਣ ਦੇਵੋ ਅਤੇ ਕੱਟਣ ਤੋਂ ਪਹਿਲਾਂ ਚਾਕੂ ਨੂੰ ਗਰਮ ਪਾਣੀ ਵਿੱਚ ਭਿਉਂ ਲਵੋ।

## ਭੁੰਨਣ (ਫਰਾਇੰਗ) ਸੰਬੰਧੀ

ਭੋਜਨ ਦਾ ਸਵਾਦ/ਸੁਗੰਧੀ ਵਧਾਉਣ ਲਈ ਵਰਤੇ ਜਾਣ ਵਾਲੇ ਪਦਾਰਥ ਜਾਂ ਸਬਜ਼ੀਆਂ ਪਾਉਣ ਤੋਂ ਪਹਿਲਾਂ ਤੇਲ ਨੂੰ ਚੰਗੀ ਤਰ੍ਹਾਂ ਗਰਮ ਕਰ ਲਵੋ।



ਸਵਾਦ ਵਧਾਉਣ ਵਾਲੇ ਪਦਾਰਥਾਂ ਨੂੰ ਰੰਗ ਬਦਲਣ ਤੱਕ ਭੁੰਨੋ। ਇਸ ਨਾਲ ਸੁਗੰਧੀ ਭਰਪੂਰ ਆਵੇਗੀ, ਜੇਕਰ ਮਸਾਲਾ ਕੜਾਹੀ ਵਿਚ ਚਿੰਬੜ ਜਾਂਦਾ ਹੈ ਤਾਂ ਇਸਦਾ ਮਤਲਬ ਹੈ ਕਿ ਤੇਲ ਜਾਂ ਘਿਉ ਘੱਟ ਪਾਇਆ ਹੈ। ਪਕੌੜਾ ਬਣਾਉਣ ਲਈ ਘੋਲ ਵਿੱਚ ਤੇਲ ਅਤੇ ਅੱਧਾ ਚਮਚਾ ਬੇਕਿੰਗ ਸੋਡਾ ਮਿਲਾ ਲਵੋ। ਜਦੋਂ ਮਸਾਲਾ ਰਗੜਨ ਵਿਚ ਨਾਰੀਅਲ ਵਰਤਿਆ ਜਾਂਦਾ ਹੈ ਤਾਂ ਇਸਨੂੰ ਜ਼ਿਆਦਾ ਦੇਰ ਤੱਕ ਨਾ ਭੁੰਨੋ। ਜੇਕਰ ਤੁਸੀਂ ਆਲੂਆਂ ਦੀ ਪੈਟੀ ਜਾਂ ਟਿੱਕੀ ਬਣਾ ਰਹੇ ਹੋ ਤਾਂ ਆਲੂਆਂ ਨੂੰ ਪਹਿਲਾਂ ਚੰਗੀ ਤਰ੍ਹਾਂ ਉਬਾਲੋ ਅਤੇ ਵਰਤਣ ਤੋਂ ਪਹਿਲਾਂ ਠੰਢੇ ਹੋ ਜਾਣ ਦੇਵੋ। ਇਹ ਹੋਰ ਵੀ ਵਧੀਆ ਰਹੇਗਾ ਜੇਕਰ ਇਹਨਾਂ ਨੂੰ ਥੋੜ੍ਹੇ ਸਮੇਂ ਲਈ ਫਰਿਜ਼ ਵਿੱਚ ਰੱਖ ਦਿੱਤਾ ਜਾਵੇ। ਇਸ ਨਾਲ ਆਲੂਆਂ ਵਿਚਲਾ ਸਟਾਰਚ (ਮਾਵਾ) ਸਥਿਰ ਹੋ ਜਾਂਦਾ ਹੈ ਅਤੇ ਟਿੱਕੀਆਂ ਢਿੱਲੀਆਂ ਜਿਹੀਆਂ ਨਹੀਂ ਬਣਨਗੀਆਂ।

ਸਬਜੀਆਂ ਆਦਿ ਬਣਾਉਣ ਤੋਂ ਪਹਿਲਾਂ ਸਰ੍ਹੋਂ ਦੇ ਤੇਲ ਨੂੰ ਐਨਾ ਗਰਮ ਕਰੋ ਕਿ ਇਸ ਵਿੱਚੋਂ ਚਿੱਟੇ ਧੂੰਏਂ ਦੀ ਲਾਟ ਨਿੱਕਲ ਆਵੇ। ਇਸ ਨਾਲ ਤੇਲ ਵਿਚਲੀ ਪੋਟੈਂਸੀ (Potency) ਖ਼ਤਮ ਹੋ ਜਾਵੇਗੀ।

ਪੂਰੀਆਂ ਨੂੰ ਤਲਣ ਤੋਂ ਪਹਿਲਾਂ ਵੇਲਕੇ ਮਲਮਲ ਦੇ ਕੱਪੜੇ ਵਿੱਚ ਲਪੇਟਕੇ ਰੱਖਿਆ ਜਾ ਸਕਦਾ ਹੈ। ਪੂਰੀਆਂ ਨੂੰ ਜ਼ਾਇਕੇਦਾਰ ਅਤੇ ਕੜਕ ਬਣਾਉਣ ਲਈ ਕਣਕ ਦੇ ਆਟੇ ਵਿੱਚ ਥੋੜਾ ਜਿਹਾ ਚੌਲਾਂ ਦਾ ਆਟਾ ਮਿਲਾ ਲਵੋ ਫੇਰ ਆਟਾ ਗੁੰਨ੍ਹੋ। ਪਕੌੜੇ ਵੱਧ ਸਵਾਦੀ ਅਤੇ ਭੁਰਭੁਰੇ ਬਣਨਗੇ ਜੇ ਬੇਸਣ ਵਿੱਚ ਥੋੜਾ ਜਿਹਾ ਮੱਕੀ ਦਾ ਆਟਾ ਮਿਲਾ ਲਿਆ ਜਾਵੇ। ਨਾਨ-ਸਟਿਕ ਬਰਤਨ ਨੂੰ ਗਰਮ ਕਰੋ, ਆਮ ਨਾਲੋਂ ਥੋੜਾ ਜਿਹਾ ਵੱਧ ਮੱਖਣ ਇਸ ਵਿਚ ਪਾਵੋ। ਹੁਣ ਅੰਡੇ ਨੂੰ ਫੈਂਟ ਲਵੋ। ਆਮਲੇਟ ਵਿਚ ਜਿੰਨੀ ਵੱਧ ਹਵਾ ਪ੍ਰਵੇਸ਼ ਕਰੇਗੀ ਉਹ ਉਨਾਂ ਹੀ ਵੱਧ ਹੌਲਾ ਅਤੇ ਮੋਟਾ ਬਣੇਗਾ। ਸੂਰ ਦਾ ਮਾਸ ਭੁੰਨਣ ਤੋਂ ਪਹਿਲਾਂ ਕੜਾਹੀ ਵਿੱਚ ਥੋੜ੍ਹਾ ਜਿਹਾ ਲੂਣ ਭੁੱਕ ਲਵੋ। ਇਸ ਨਾਲ ਇਸ ਵਿੱਚੋਂ ਛਿੱਟਿਆਂ ਦੀ ਆਵਾਜ਼ ਨਹੀਂ ਆਵੇਗੀ।

ਜਦੋਂ ਤੇਲ ਵਿੱਚ ਮੀਟ ਨੂੰ ਭੂਰਾ ਜਿਹਾ ਕਰਦੇ ਹੋ, ਤਾਂ ਡੂੰਘੀ ਖੁੱਲ੍ਹੀ ਜਿਹੀ ਕੜਾਹੀ ਵਰਤੋ। ਇਸ ਨਾਲ ਮੀਟ ਜਲਦੀ ਭੁੰਨਿਆ ਜਾਵੇਗਾ। ਇਸ ਵਿੱਚੋਂ ਮੀਟ ਦੇ ਪਾਣੀ ਦੇ ਛਿੱਟੇ ਵੀ ਬਾਹਰ ਨਹੀਂ ਡਿੱਗਣਗੇ।

## ਤਰੀ ਬਣਾਉਣ ਸੰਬੰਧੀ

ਤੇਲ ਦੀ ਬਜਾਏ ਹਮੇਸ਼ਾ ਘਿਉ ਜਾਂ ਬਨਸਪਤੀ ਇਸਤੇਮਾਲ ਕਰੋ। ਇਸ ਨਾਲ ਤਰੀ ਵਿਚੋਂ ਵਧੀਆ ਖੁਸ਼ਬੂ ਆਉਂਦੀ ਹੈ। ਜੇਕਰ ਸਿਰਫ਼ ਇਕੱਲਾ ਤੇਲ ਹੀ ਵਰਤਿਆ ਜਾਂਦਾ ਹੈ। ਇਸ ਤਲੇ ਨਾਲੋਂ ਛੇਤੀ ਲੱਥਦਾ ਨਹੀਂ ਜਦੋਂ ਕਿ ਘਿਉ ਆਸਾਨੀ ਨਾਲ ਵੱਖ ਹੋ ਜਾਂਦਾ ਹੈ।

ਪੀਸੇ ਮਸਾਲੇ ਨੂੰ ਘੱਟ ਸੇਕ ਤੇ ਭੁੰਨੋ ਤਾਂ ਕਿ ਇਸਦਾ ਰੰਗ ਅਤੇ ਸਵਾਦ ਬਰਕਰਾਰ ਰਹਿਣ। ਥੋੜ੍ਹੀ ਜਿਹੀ ਚੀਨੀ/ਖੰਡ ਤਰੀ ਵਿਚ ਪਾਉਣ ਨਾਲ ਇਸਦਾ ਸਵਾਦ ਵਧ ਜਾਂਦਾ ਹੈ। ਜਦੋਂ ਟਮਾਟਰਾਂ ਦਾ ਮੌਸਮ ਨਹੀਂ ਹੁੰਦਾ, ਤਾਂ ਤਰੀ ਬਣਾਉਣ ਲਈ ਟਮਾਟਰਾਂ ਦੀ ਸੌਸ ਵਰਤੀ ਜਾ ਸਕਦੀ ਹੈ। ਤਰੀ ਵਿਚ ਰੰਗ ਲਿਔਣ ਲਈ ਹਮੇਸ਼ਾ ਤਾਜ਼ੇ ਲਾਲ ਟਮਾਟਰ ਹੀ ਵਰਤੋਂ। ਜੇਕਰ ਕੋਈ ਹਿੱਸਾ ਹਰਾ/ਕੱਚਾ ਹੋਵੇ ਤਾਂ ਵੱਖ ਕਰ ਦੇਵੋ। ਵਧੀਆ ਕਿਸਮ ਦੀਆਂ ਮਿਰਚਾਂ ਵੀ ਤਰੀ ਦੇ ਰੰਗ ਵਿਚ ਵਾਧਾ ਕਰਦੀਆਂ ਹਨ। ਜਿਥੋਂ ਤੱਕ ਸੰਭਵ ਹੋਵੇ ਤਾਂ ਲੰਬੀ ਨਸਲ ਦੀਆਂ ਲਾਲ ਮਿਰਚਾਂ ਹੀ ਵਰਤੋ। ਇਹਨਾਂ ਨੂੰ ਧੁੱਪੇ ਚੰਗੀ ਤਰ੍ਹਾਂ ਸੁਕਾਕੇ ਘਰੇ ਹੀ ਪੀਸ ਲਵੋ। ਮੋਟੀ ਪੀਸੀ ਹੋਈ ਮਿਰਚ ਤਰੀ ਅਤੇ ਆਚਾਰ ਦੇ ਸਵਾਦ ਵਿਚ ਵਾਧਾ ਕਰਦੀ ਹੈ। ਜਦੋਂ ਤਰੀ ਬਣਾਉਣ ਲਈ ਅਦਰਕ ਅਤੇ ਲੱਸ਼ਣ ਨੂੰ ਪੀਸਕੇ ਵਰਤਿਆ ਜਾਂਦਾ ਹੈ ਤਾਂ ਲੱਸਣ 60 ਪ੍ਰਤੀਸ਼ਤ ਅਤੇ ਅਦਰਕ 40 ਪ੍ਰਤੀਸ਼ਤ ਵਰਤੋਂ ਕਿਉਂਕਿ ਅਦਰਕ ਦਾ ਸਵਾਦ ਵੱਧ ਤਿੱਖਾ ਹੁੰਦਾ ਹੈ ਜਿਸ ਨਾਲ ਸਵਾਦ ਵਿਚ ਵਿਗਾੜ ਪੈ ਸਕਦਾ ਹੈ।

## ਭੋਜਨ ਪਕਾਉਣ ਸੰਬੰਧੀ

○ ਇਕ ਕੱਪ ਦਾਲ ਬਣਾਉਣ ਲਈ ਘੱਟੋ-ਘੱਟ 2-3 ਕੱਪ ਪਾਣੀ ਪਾਵੋ। ਇਹ ਦਾਲ ਦੀ ਕਿਸਮ ਤੇ ਨਿਰਭਰ ਕਰਦਾ ਹੈ।



○ ਸਾਬਤ ਦਾਲਾਂ ਨੂੰ ਬਣਾਉਣ ਤੋਂ ਪਹਿਲਾਂ ਰਾਤ ਨੂੰ ਪਾਣੀ ਵਿਚ ਭਿਉਂਕੇ ਰੱਖੋ ਅਤੇ ਬਾਕੀ ਦਾਲਾਂ ਨੂੰ ਬਣਾਉਣ ਤੋਂ ਇਕ ਘੰਟਾ ਪਹਿਲਾਂ ਭਿਉਂ ਦੇਵੋ।

○ ਸਵਾਦ ਵਧਾਉਣ ਲਈ ਤਰੀ ਵਿਚ ਹਮੇਸ਼ਾ ਹੀ ਗਰਮ ਪਾਣੀ ਵਰਤੋਂ।

○ ਕਚੌਰੀਆਂ ਜਾਂ ਕੁਲਚੇ ਬਣਾਉਣ ਲਈ ਆਟਾ ਗੁੰਨ੍ਹਦੇ ਸਮੇਂ ਉਸ ਵਿਚ ਇਕ ਵੱਡਾ ਚਮਚ ਗਰਮ ਤੇਲ ਜਾਂ ਘਿਉ ਮਿਲਾ ਲਵੋ।

○ ਥੱਲੇ ਲੱਗਣ ਤੋਂ ਬਚਾਉਣ ਲਈ ਮਿੱਠੇ ਪਕਵਾਨ ਬਣਾਉਣ ਵਾਸਤੇ ਮੋਟੇ ਥੱਲੇ ਵਾਲੇ ਬਰਤਨ ਹੀ ਵਰਤੋਂ। ਮਿੱਠੇ ਪਕਵਾਨਾਂ ਵਿਚ ਭਰਪੂਰ ਕਰੀਮ ਵਾਲੇ ਦੁੱਧ ਹੀ ਵਰਤੋਂ।

○ ਜਦੋਂ ਮਸਾਲੇ ਵਿਚ ਦਹੀਂ ਮਿਲਾਉਣਾ ਹੋਵੇ, ਇਸਨੂੰ ਚੰਗੀ ਤਰ੍ਹਾਂ ਫੈਂਟ ਲਵੋ ਅਤੇ ਹੌਲੀ-ਹੌਲੀ ਮਿਲਾਵੋ। ਅਗਲੇ ਦਿਨ ਵਰਤਣ ਲਈ ਵਾਧੂ ਸਬਜ਼ੀ ਕੱਟਕੇ ਭੁੰਨ ਲਵੋ।

○ ਦਾਲਾਂ ਦਾ ਬਚਿਆ ਪਾਣੀ ਰਸਮ ਜਾਂ ਸਾਂਬਰ ਬਣਾਉਣ ਵਿਚ ਵਰਤੋਂ ਜਾਂ ਇਸ ਨਾਲ ਆਟਾ ਗੁੰਨ ਲਵੋ।

○ ਜਿਸ ਪਾਣੀ ਵਿਚ ਸਬਜ਼ੀਆਂ ਉਬਾਲੀਆਂ ਗਈਆਂ ਹੋਣ ਉਸ ਪਾਣੀ ਨੂੰ ਡੋਲ੍ਹੋ ਨਾ। ਇਸਨੂੰ ਤਰੀ ਜਾਂ ਸੂਪ ਵਿਚ ਵਰਤੋਂ।

○ ਪਿਆਜ ਅਤੇ ਮਸਾਲੇ ਤਾਂ ਕੁੱਕਰ ਵਿਚ ਸਿੱਧੇ ਹੀ ਭੁੰਨ ਲਏ ਜਾਂਦੇ ਹਨ। ਕੱਚੀਆਂ ਸਬਜ਼ੀਆਂ ਉਸ ਵਿਚ ਢੁੱਕਵੀਂ ਮਾਤਰਾ ਲੂਣ ਅਤੇ ਪਾਣੀ ਮਿਲਾਕੇ ਪਾਈਆਂ ਜਾਂਦੀਆਂ ਹਨ। ਇਸ ਨਾਲ ਪਕਾਉਣ ਦੇ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਪੌਸ਼ਟਿਕ ਤੱਤ ਵੀ ਸੁਰੱਖਿਅਤ ਰਹਿੰਦੇ ਹਨ।

○ ਜੇਕਰ ਪੀਸਣ ਵਿਚ ਖਸਖਸ ਵਰਤੀ ਜਾਂਦੀ ਹੈ ਇਸਨੂੰ 10-15 ਮਿੰਟ ਪਹਿਲਾਂ ਪਾਣੀ ਵਿਚ ਭਿਉਂਕੇ ਰੱਖੋ।

○ ਦੁੱਧ ਉਬਾਲਦੇ ਸਮੇਂ ਬਰਤਨ ਵਿਚ ਪਹਿਲਾਂ ਥੋੜ੍ਹਾ ਜਿਹਾ ਪਾਣੀ ਜ਼ਰੂਰ ਪਾ ਲਵੋ। ਇਸ ਨਾਲ ਦੁੱਧ ਹੇਠਾਂ ਨਹੀਂ ਲੱਗਦਾ।

○ ਘਰੇ ਲੱਸ਼ਣ, ਅਦਰਕ ਹਰੀ ਮਿਰਚ ਦੀ ਚਟਣੀ ਬਣਾਉਂਦੇ ਸਮੇਂ ਇਹਨਾਂ ਲੂਣ ਦੇ ਨਾਲ ਥੋੜ੍ਹਾ ਜਿਹਾ ਤੇਲ ਮਿਲਾ ਲਵੋ। ਚਟਣੀ ਸਵਾਦੀ ਬਣੇਗੀ ਅਤੇ ਤਾਜ਼ੀ ਰਹੇਗੀ।

○ ਸੌਗੀ ਆਦਿ ਏਅਰ-ਟਾਈਟ ਡੱਬੇ ਵਿਚ ਬੰਦ ਕਰਕੇ ਫਰਿੱਜ਼ ਵਿਚ ਰੱਖੋ। ਇਸ ਨਾਲ ਇਹਨਾਂ ਦੀ ਤਾਜ਼ਗੀ ਬਣੀ ਰਹੇਗੀ। ਜੇਕਰ ਉਹ ਵੱਧ ਸਖਤ ਹੋ ਗਈ ਹੋਵੇ ਤਾਂ ਉਸ ਉਪਰ ਗਰਮ ਪਾਣੀ ਪਾ ਦੇਵੋ, ਫੇਰ ਤੁਰੰਤ ਪਾਣੀ ਨਚੋੜ ਦੇਵੋ ਅਤੇ ਸੁਕਾਉਣ ਲਈ ਕਿਸੇ ਕਾਗਜ਼ ਜਾਂ ਕੱਪੜੇ ਉਪਰ ਵਿਛਾ ਦੇਵੋ।

○ ਚੌਲਾਂ ਦਾ ਦਾਣਾ-ਦਾਣਾ ਨਿਖੜਿਆ ਰਹਿਣ ਦੇ ਲਈ ਉਬਾਲਣ ਤੋਂ ਪਹਿਲਾਂ ਉਹਨਾਂ ਵਿਚ ਥੋੜ੍ਹਾ ਜਿਹਾ ਤੇਲ ਅਤੇ ਨਿੰਬੂ ਰਸ ਮਿਲਾ ਲਵੋ।

○ ਟਮਾਟਰਾਂ ਨੂੰ ਖੁੱਲ੍ਹੇ ਬਰਤਨ ਵਿਚ ਪਾ ਕੇ ਇਸਨੂੰ ਗਰਮ ਪਾਣੀ ਭਰੇ ਦੂਜੇ ਬਰਤਨ ਨਾਲ 5 ਮਿੰਟ ਢੱਕ ਕੇ ਰੱਖੋ। ਟਮਾਟਰਾਂ ਦਾ ਛਿਲਕਾ ਆਸਾਨੀ ਨਾਲ ਉਤਰ ਜਾਵੇਗਾ।

○ ਨੂਡਲਾਂ ਨੂੰ ਉਬਾਲ ਕੇ ਤੁਰੰਤ ਠੰਢੇ ਪਾਣੀ ਵਿਚ ਪਾ ਦੇਵੋ। ਇਹ ਜੁੜਨਗੇ ਨਹੀਂ।

○ ਜੇਕਰ ਤੁਸੀਂ ਰਾਤ ਨੂੰ ਰਾਜਮਾਂਹ, ਛੋਲੇ ਭਿਉਣਾ ਭੁੱਲ ਗਏ ਹੋ ਤਾਂ ਪਕਾਉਣ ਤੋਂ ਇਕ ਘੰਟਾ ਪਹਿਲਾਂ ਗਰਮ ਪਾਣੀ ਵਿਚ ਭਿਉਂਕੇ ਰੱਖੋ।

○ ਕਿਸੇ ਪਦਾਰਥ ਨੂੰ ਰੋਸਟ ਕਰਨ ਵਿਚ ਪਾਣੀ ਨਹੀਂ ਵਰਤਿਆ ਜਾਂਦਾ। ਭੂਰੇ ਹੋਣ ਨਾਲ ਉਸਦੀ ਸੁਗੰਧ ਵਿਚ ਵਾਧਾ ਹੁੰਦਾ ਹੈ।

ਜਦੋਂ ਮੀਟ ਦੀ ਬਾਹਰੀ ਸਤਹ ਭੂਰੀ ਹੁੰਦੀ ਹੈ ਤਾਂ ਇਸ ਵਿਚਲੇ ਰਸ ਅਤੇ ਚਿਕਨਾਈ ਹੇਠਾਂ ਨਿਕਲ ਕੇ ਬਰਤਨ ਦੇ ਥੱਲੇ ਤੇ ਚਿੰਬੜਕੇ ਭੂਰੇ ਜਿਹੇ ਹੋ ਜਾਂਦੇ ਹਨ। ਇਸ ਨਾਲ ਮੀਟ ਦੀ ਸੁਗੰਧ ਵਿਚ ਵਾਧਾ ਹੁੰਦਾ ਹੈ।



## ਇਸ ਧਾਕੜ ਖਿਡਾਰੀ ਨੇ ਵਿਰਾਟ ਕੋਹਲੀ ਦਾ ਇਤਿਹਾਸਕ ਰਿਕਾਰਡ ਤੋੜ ਵਰਲਡ ਕ੍ਰਿਕਟ 'ਚ ਮਚਾਇਆ ਤਹਿਲਕਾ



ਟ੍ਰਾਈ ਸੀਰੀਜ਼ 2025 ਦਾ ਫਾਈਨਲ ਮੈਚ 14 ਫਰਵਰੀ 2025 ਨੂੰ ਪਾਕਿਸਤਾਨ ਅਤੇ ਨਿਊਜ਼ੀਲੈਂਡ ਵਿਚਕਾਰ ਕਰਾਚੀ ਦੇ ਨੈਸ਼ਨਲ ਸਟੇਡੀਅਮ ਵਿੱਚ ਖੇਡਿਆ ਗਿਆ ਜਿੱਥੇ ਨਿਊਜ਼ੀਲੈਂਡ ਕ੍ਰਿਕਟ ਟੀਮ ਦੇ ਸਟਾਰ ਬੱਲੇਬਾਜ਼ ਕੇਨ ਵਿਲੀਅਮਸਨ ਸਿਰਫ਼ 34 ਦੌੜਾਂ ਹੀ ਬਣਾ ਸਕੇ। ਇਸ ਦੇ ਬਾਵਜੂਦ, ਉਸਨੇ ਇੱਕ ਇਤਿਹਾਸਕ ਉਪਲਬਧੀ ਹਾਸਲ ਕੀਤੀ ਹੈ। ਉਹ ਵਨਡੇ ਫਾਰਮੈਟ ਵਿੱਚ ਸਭ ਤੋਂ ਤੇਜ਼ 7000 ਦੌੜਾਂ ਬਣਾਉਣ ਵਾਲਾ ਦੁਨੀਆ ਦਾ ਦੂਜਾ ਬੱਲੇਬਾਜ਼ ਬਣ ਗਿਆ ਹੈ। ਇਸ ਖਾਸ ਮਾਮਲੇ ਵਿੱਚ, ਉਸਨੇ ਕਿਸੇ ਹੋਰ ਨੂੰ ਨਹੀਂ ਬਲਕਿ ਟੀਮ ਇੰਡੀਆ ਦੇ ਤਜਰਬੇਕਾਰ ਬੱਲੇਬਾਜ਼ ਵਿਰਾਟ ਕੋਹਲੀ ਨੂੰ ਪਿੱਛੇ ਛੱਡਿਆ ਹੈ। ਕੋਹਲੀ ਨੇ 161 ਪਾਰੀਆਂ ਵਿੱਚ ਵਨਡੇ ਵਿੱਚ 7000 ਦੌੜਾਂ ਦਾ ਅੰਕੜਾ ਹਾਸਲ ਕੀਤਾ। ਜਦੋਂ ਕਿ ਵਿਲੀਅਮਸਨ ਨੇ 159 ਪਾਰੀਆਂ ਵਿੱਚ 7000 ਦੌੜਾਂ ਦਾ ਅੰਕੜਾ ਪਾਰ ਕੀਤਾ ਹੈ।

ਦੱਖਣੀ ਅਫਰੀਕਾ ਕ੍ਰਿਕਟ ਟੀਮ ਦੇ ਸਾਬਕਾ ਮਹਾਨ ਓਪਨਿੰਗ ਬੱਲੇਬਾਜ਼ ਹਾਸ਼ਿਮ ਅਮਲਾ ਦਾ ਨਾਮ ਪਹਿਲੇ ਸਥਾਨ 'ਤੇ ਆਉਂਦਾ ਹੈ। ਜਿਸਨੇ ਆਪਣੀ ਟੀਮ ਲਈ 153 ਮੈਚ ਖੇਡੇ ਅਤੇ ਸਿਰਫ਼ 150 ਪਾਰੀਆਂ ਵਿੱਚ 7000 ਦੌੜਾਂ ਬਣਾਈਆਂ। ਅਮਲਾ ਤੋਂ ਬਾਅਦ ਕੇਨ ਵਿਲੀਅਮਸਨ ਦੂਜੇ ਸਥਾਨ 'ਤੇ ਆ ਗਏ ਹਨ। ਇੱਕ ਸਥਾਨ ਖਿਸਕ ਕੇ, ਵਿਰਾਟ ਕੋਹਲੀ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ।

ਕ੍ਰਿਕਟ ਪ੍ਰੇਮੀ ਫਾਈਨਲ ਮੈਚ ਵਿੱਚ ਕੇਨ ਵਿਲੀਅਮਸਨ ਤੋਂ ਇੱਕ ਹੋਰ ਸ਼ਾਨਦਾਰ ਪਾਰੀ ਦੀ ਉਮੀਦ ਕਰ ਰਹੇ ਸਨ। ਤੀਜੇ ਨੰਬਰ 'ਤੇ ਬੱਲੇਬਾਜ਼ੀ ਕਰਦੇ ਹੋਏ, ਉਹ ਚੰਗੀ ਸ਼ੁਰੂਆਤ ਕਰਨ ਵਿੱਚ ਵੀ ਕਾਮਯਾਬ ਰਿਹਾ। ਪਰ ਉਹ ਇਸਨੂੰ ਵੱਡੀ ਪਾਰੀ ਵਿੱਚ ਨਹੀਂ ਬਦਲ ਸਕਿਆ। ਉਸਨੇ ਟੀਮ ਲਈ ਕੁੱਲ 49 ਗੇਂਦਾਂ ਦਾ ਸਾਹਮਣਾ ਕੀਤਾ। ਇਸ ਦੌਰਾਨ, ਉਹ 69.39 ਦੇ ਸਟ੍ਰਾਈਕ ਰੇਟ ਨਾਲ 34 ਦੌੜਾਂ ਬਣਾਉਣ ਵਿੱਚ ਕਾਮਯਾਬ ਰਿਹਾ। ਇਸ ਦੌਰਾਨ ਉਸਦੇ ਬੱਲੇ ਤੋਂ ਤਿੰਨ ਚੌਕੇ ਅਤੇ ਇੱਕ ਛੱਕਾ ਆਇਆ। ਮੈਚ ਦੌਰਾਨ ਵਿਰੋਧੀ ਟੀਮ ਦੇ ਆਲਰਾਊਂਡਰ ਸਲਮਾਨ ਆਗਾ ਨੇ ਉਸਨੂੰ ਬੋਲਡ ਕਰਕੇ ਪੈਵੇਲੀਅਨ ਭੇਜ ਦਿੱਤਾ।

## ਵਿਆਹ ਦੇ ਬੰਧਨ 'ਚ ਬੱਝਿਆ ਸਾਬਕਾ ਕ੍ਰਿਕਟਰ





ਚੈਂਪੀਅਨਜ਼ ਟਰਾਫੀ 2025 19 ਫਰਵਰੀ ਤੋਂ ਸ਼ੁਰੂ ਹੋਵੇਗੀ। ਭਾਰਤੀ ਟੀਮ ਆਪਣਾ ਪਹਿਲਾ ਮੈਚ 20 ਫਰਵਰੀ ਨੂੰ ਬੰਗਲਾਦੇਸ਼ ਵਿਰੁੱਧ ਖੇਡੇਗੀ। ਇਹ ਮੈਚ ਦੁਬਈ ਵਿੱਚ ਖੇਡਿਆ ਜਾਵੇਗਾ। ਭਾਰਤੀ ਟੀਮ ਆਈਸੀਸੀ ਦੇ ਇਸ ਮੈਗਾ ਈਵੈਂਟ ਲਈ 15 ਫਰਵਰੀ ਨੂੰ ਦੁਬਈ ਰਵਾਨਾ ਹੋ ਸਕਦੀ ਹੈ। ਟੂਰਨਾਮੈਂਟ ਤੋਂ ਪਹਿਲਾਂ ਹੀ ਕ੍ਰਿਕਟਰ ਨੇ ਕੀਤਾ ਵਿਆਹ ਇਸ ਤੋਂ ਪਹਿਲਾਂ ਵੀ ਭਾਰਤੀ ਕ੍ਰਿਕਟਰ ਵਿਆਹ ਦੇ ਬੰਧਨ ਵਿੱਚ ਬੱਝ ਚੁੱਕੇ ਹਨ। ਕ੍ਰਿਕਟਰ ਲਲਿਤ ਯਾਦਵ ਦਾ ਵਿਆਹ ਹੋ ਗਿਆ ਹੈ। ਉਸਨੇ ਸੋਸ਼ਲ ਮੀਡੀਆ 'ਤੇ ਵਿਆਹ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਲਲਿਤ ਯਾਦਵ ਦਾ ਵਿਆਹ 9 ਫਰਵਰੀ ਨੂੰ ਹੀ ਹੋਇਆ ਸੀ। ਹਾਲਾਂਕਿ, ਉਸਨੇ ਹੁਣ ਇਸ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਸ ਤੋਂ ਪਹਿਲਾਂ, ਉਨ੍ਹਾਂ ਦੀ ਮੰਗਣੀ ਜੁਲਾਈ 2024 ਵਿੱਚ ਹੋਈ ਸੀ। ਸੋਸ਼ਲ ਮੀਡੀਆ 'ਤੇ ਆ ਰਹੀਆਂ ਟਿੱਪਣੀਆਂ ਦੇ ਅਨੁਸਾਰ, ਲਲਿਤ ਯਾਦਵ ਦੀ ਪਤਨੀ ਦਾ ਨਾਮ ਮੁਸਕਾਨ ਯਾਦਵ ਹੈ। ਮੁਸਕਾਨ ਇੱਕ ਵਿਗਿਆਨ ਅਧਿਆਪਕ ਰਿਹਾ ਹੈ। ਜੇਕਰ ਅਸੀਂ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਲਲਿਤ ਯਾਦਵ ਦੇ ਪ੍ਰਦਰਸ਼ਨ 'ਤੇ ਨਜ਼ਰ ਮਾਰੀਏ ਤਾਂ ਉਸਨੇ 27 ਮੈਚਾਂ ਵਿੱਚ 20 ਦੀ ਔਸਤ ਅਤੇ 105 ਦੇ ਸਟ੍ਰਾਈਕ ਰੇਟ ਨਾਲ 305 ਦੌੜਾਂ ਬਣਾਈਆਂ ਹਨ। ਆਈਪੀਐਲ ਵਿੱਚ ਉਸਦਾ ਸਭ ਤੋਂ ਵਧੀਆ ਸਕੋਰ 48* ਦੌੜਾਂ ਹਨ। ਇੰਨਾ ਹੀ ਨਹੀਂ, ਉਸਨੇ ਲੀਗ ਵਿੱਚ 10 ਵਿਕਟਾਂ ਵੀ ਲਈਆਂ ਹਨ। ਆਈਪੀਐਲ ਦੇ ਪਿਛਲੇ ਸੀਜ਼ਨ ਵਿੱਚ, ਲਲਿਤ ਨੇ 2 ਮੈਚ ਖੇਡੇ ਅਤੇ 10 ਦੌੜਾਂ ਬਣਾਈਆਂ। ਉਸਨੂੰ 17ਵੇਂ ਸੀਜ਼ਨ ਵਿੱਚ ਕੋਈ ਸਫਲਤਾ ਨਹੀਂ ਮਿਲੀ। ਲਲਿਤ ਯਾਦਵ ਨੂੰ ਅਜੇ ਤੱਕ ਅੰਤਰਰਾਸ਼ਟਰੀ ਡੈਬਿਊ ਕਰਨ ਦਾ ਮੌਕਾ ਨਹੀਂ ਮਿਲਿਆ ਹੈ। ਹਾਲਾਂਕਿ, ਘਰੇਲੂ ਕ੍ਰਿਕਟ ਵਿੱਚ ਉਸਦੇ ਅੰਕੜੇ ਕਾਫ਼ੀ ਪ੍ਰਭਾਵਸ਼ਾਲੀ ਹਨ। ਉਸਨੇ 19 ਪਹਿਲੀ ਸ਼੍ਰੇਣੀ ਕ੍ਰਿਕਟ ਮੈਚਾਂ ਦੀਆਂ 27 ਪਾਰੀਆਂ ਵਿੱਚ 38.04 ਦੀ ਔਸਤ ਅਤੇ 49.81 ਦੇ ਸਟ੍ਰਾਈਕ ਰੇਟ ਨਾਲ 951 ਦੌੜਾਂ ਬਣਾਈਆਂ ਹਨ। ਉਸਦੇ ਨਾਮ ਪਹਿਲੀ ਸ਼੍ਰੇਣੀ ਕ੍ਰਿਕਟ ਵਿੱਚ 7 ਅਰਧ ਸੈਂਕੜੇ ਅਤੇ 1 ਸੈਂਕੜਾ ਹੈ। ਲਲਿਤ ਨੇ ਇਸ ਫਾਰਮੈਟ ਵਿੱਚ 15 ਸਫਲਤਾਵਾਂ ਵੀ ਹਾਸਲ ਕੀਤੀਆਂ ਹਨ। ਲਲਿਤ ਯਾਦਵ ਨੇ 41 ਲਿਸਟ ਏ ਮੈਚਾਂ ਵਿੱਚ 927 ਦੌੜਾਂ ਬਣਾਈਆਂ ਹਨ। ਇਸ ਤੋਂ ਇਲਾਵਾ ਉਸਨੇ 42 ਸਫਲਤਾਵਾਂ ਵੀ ਹਾਸਲ ਕੀਤੀਆਂ ਹਨ। ਲਲਿਤ ਨੇ ਹੁਣ ਤੱਕ 82 ਟੀ-20 ਮੈਚ ਖੇਡੇ ਹਨ, ਜਿਸ ਵਿੱਚ ਆਈਪੀਐਲ ਵੀ ਸ਼ਾਮਲ ਹੈ। ਕ੍ਰਿਕਟ ਦੇ ਸਭ ਤੋਂ ਛੋਟੇ ਫਾਰਮੈਟ ਵਿੱਚ, ਉਸਨੇ 1077 ਦੌੜਾਂ ਬਣਾਈਆਂ ਹਨ ਅਤੇ 53 ਵਿਕਟਾਂ ਲਈਆਂ ਹਨ।


CHEAP CLEANING




Cheap Lawn Mowing

Gardening

House Cleaning

For Free quote call
0204915760


## ਸਾਲ 'ਚ 10 ਮਹੀਨੇ ਖੇਡਣ ਨਾਲ ਸੱਟਾਂ ਦਾ ਖਤਰਾ ਹੋਰ ਵਧੇਗਾ : ਕਪਿਲ ਦੇਵ



ਕੋਲਕਾਤਾ- ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਨੇ ਭਾਰਤੀ ਕ੍ਰਿਕਟਰਾਂ ਦੇ ਜ਼ਖ਼ਮੀ ਹੋਣ ਦੀਆਂ ਵਧਦੀਆਂ ਘਟਨਾਵਾਂ 'ਤੇ ਚਿੰਤਾ ਜਤਾਉਂਦੇ ਹੋਏ ਇਸਦੀ ਵਜ੍ਹਾ ਰੁਝੇਵੇਂ ਭਰੇ ਕੈਲੰਡਰ ਨੂੰ ਦੱਸਿਆ, ਜਿਸ ਵਿਚ ਖਿਡਾਰੀ ਸਾਲ ਵਿਚ ਤਕਰੀਬਨ 10 ਮਹੀਨਿਆਂ ਤੱਕ ਖੇਡਦੇ ਹਨ।

ਬੈਂਗਲੁਰੂ ਵਿਚ ਰਾਸ਼ਟਰੀ ਕ੍ਰਿਕਟ ਅਕੈਡਮੀ ਇਨ੍ਹਾਂ ਦਿਨਾਂ ਵਿਚ ਖਿਡਾਰੀਆਂ ਦੇ ਰਿਹੈਬਿਲੀਟੇਸ਼ਨ ਦਾ ਕੇਂਦਰ ਬਣ ਗਿਆ ਹੈ, ਜਿੱਥੇ ਖਿਡਾਰੀ ਅਭਿਆਸ ਤੋਂ ਜ਼ਿਆਦਾ ਸਮਾਂ ਰਿਕਵਰੀ ਵਿਚ ਬਿਤਾ ਰਹੇ ਹਨ।

ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਇਸ ਕੜੀ ਵਿਚ ਤਾਜ਼ਾ ਨਾਂ ਬਣ ਗਿਆ ਹੈ, ਜਿਸ ਨੂੰ ਕਮਰ ਦੀ ਸੱਟ ਕਾਰਨ ਸਿਡਨੀ ਵਿਚ ਆਸਟ੍ਰੇਲੀਆ ਵਿਰੁੱਧ ਪੰਜਵੇਂ ਟੈਸਟ ਵਿਚੋਂ ਬਾਹਰ ਰਹਿਣਾ ਪਿਆ। ਚੈਂਪੀਅਨਜ਼ ਟਰਾਫੀ ਲਈ ਸ਼ੁਰੂਆਤੀ ਟੀਮ ਵਿਚ ਸ਼ਾਮਲ ਹੋਣ ਦੇ ਬਾਵਜੂਦ ਬੁਮਰਾਹ ਆਖਰੀ ਟੀਮ ਵਿਚੋਂ ਬਾਹਰ ਹੋ ਗਿਆ ਹੈ। ਮੁਹੰਮਦ ਸ਼ੰਮੀ 14 ਮਹੀਨਿਆਂ ਤੱਕ ਸੱਟ ਕਾਰਨ ਬਾਹਰ ਰਿਹਾ।

1983 ਵਿਸ਼ਵ ਕੱਪ ਜੇਤੂ ਕਪਿਲ ਨੇ ਇੱਥੇ ਕਿਹਾ,''ਮੈਨੂੰ ਚਿੰਤਾ ਇਹ ਹੀ ਹੈ ਕਿ ਸਾਲ ਵਿਚ 10 ਮਹੀਨੇ ਖੇਡ ਰਹੇ ਹਨ।'' ਇਹ ਪੁੱਛਣ 'ਤੇ ਕਿ ਕੀ ਚੈਂਪੀਅਨਜ਼ ਟਰਾਫੀ ਵਿਚ ਬੁਮਰਾਹ ਦੀ ਕਮੀ ਮਹਿਸੂਸ ਹੋਵੇਗੀ, ਕਪਿਲ ਨੇ ਖਿਡਾਰੀਆਂ ਦੇ ਜ਼ਖ਼ਮੀ ਖਿਡਾਰੀਆਂ 'ਤੇ ਨਿਰਭਰ ਰਹਿਣ ਦੀ ਬਜਾਏ ਇਕ ਦੂਜੇ ਦਾ ਸਹਿਯੋਗ ਕਰਨ 'ਤੇ ਫੋਕਸ ਰੱਖਣ ਲਈ ਕਿਹਾ।

# ਹੁਣ ਬਾਲੀਵੁੱਡ 'ਚ ਧਮਾਲਾਂ ਪਾਉਣ ਲਈ ਤਿਆਰ ਹੈ ਇਹ ਵਾਇਰਲ ਗਰਲ

ਮਹਾਕੁੰਭ 2025 ਇਸ ਸਾਲ ਸੁਰਖੀਆਂ 'ਚ ਰਿਹਾ ਅਤੇ ਇਸ ਦੌਰਾਨ ਸੋਸ਼ਲ ਮੀਡੀਆ 'ਤੇ ਕਈ ਨਵੇਂ ਚਿਹਰੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ਇੱਕ ਚਿਹਰਾ ਜੋ ਪੂਰੀ ਤਰ੍ਹਾਂ ਵਾਇਰਲ ਹੋਇਆ ਸੀ ਉਹ ਮੋਨਾਲੀਸਾ ਦਾ ਹੈ, ਜੋ ਮਹਾਕੁੰਭ ਵਿੱਚ ਆਪਣੀ ਕਿਸਮਤ ਅਜ਼ਮਾਉਣ ਆਈ ਸੀ। ਉਸ ਦਾ ਬਚਪਨ ਝੁੱਗੀ-ਝੌਂਪੜੀਆਂ 'ਚ ਬੀਤਿਆ ਪਰ ਹੁਣ ਉਹ ਬਾਲੀਵੁੱਡ 'ਚ ਆਪਣੀ ਪਛਾਣ ਬਣਾਉਣ ਲਈ ਤਿਆਰ ਹੈ। ਮਹਾਕੁੰਭ 'ਚ ਫੁੱਲਾਂ ਅਤੇ ਰੁਦਰਾਕਸ਼ ਦੀਆਂ ਮਾਲਾਵਾਂ ਵੇਚਣ ਵਾਲੀ ਮੋਨਾਲੀਸਾ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, ਜਿਸ ਨਾਲ ਉਹ ਰਾਤੋ-ਰਾਤ ਸਟਾਰ ਬਣ ਗਈ।

ਮੋਨਾਲੀਸਾ ਦਾ ਅਸਲੀ ਨਾਂ ਮੋਨੀ ਭੋਸਲੇ ਹੈ ਅਤੇ ਉਹ ਮੱਧ ਪ੍ਰਦੇਸ਼ ਦੇ ਇੰਦੌਰ ਨੇੜੇ ਸਥਿਤ ਇੱਕ ਛੋਟੇ ਜਿਹੇ ਪਿੰਡ ਦੀ ਰਹਿਣ ਵਾਲੀ ਹੈ। ਸਿਰਫ਼ 16 ਸਾਲ ਦੀ ਉਮਰ ਵਿੱਚ ਮੋਨੀ ਰੁਜ਼ਗਾਰ ਦੀ ਭਾਲ ਵਿੱਚ ਮਹਾਕੁੰਭ ਵਿੱਚ ਆਈ ਸੀ। ਸੁੰਦਰ ਅੱਖਾਂ ਅਤੇ ਕਾਲੇ ਰੰਗ ਦੀ ਇੱਕ ਆਕਰਸ਼ਕ ਲੜਕੀ ਜਦੋਂ ਰੁਦਰਾਕਸ਼ ਦੇ ਮਣਕੇ ਅਤੇ ਫੁੱਲ ਵੇਚ ਰਹੀ ਸੀ ਤਾਂ ਉੱਥੇ ਮੌਜੂਦ ਇੱਕ ਵਿਅਕਤੀ ਨੇ ਉਸਦੀ ਵੀਡੀਓ ਬਣਾ ਲਈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਉਸ ਨੂੰ 'ਵਾਇਰਲ ਗਰਲ' ਵਜੋਂ ਪਛਾਣ ਮਿਲਣ ਲੱਗੀ।

ਹਾਲਾਂਕਿ, ਜਦੋਂ ਮੋਨਾਲੀਸਾ ਦੀ ਵਾਇਰਲ ਲੋਕਪ੍ਰਿਅਤਾ ਵਧੀ ਅਤੇ ਲੋਕ ਉਨ੍ਹਾਂ ਨੂੰ ਪਛਾਣਨ ਲੱਗੇ ਤਾਂ ਕੰਮ ਮੁਸ਼ਕਿਲ ਹੋਣ ਲੱਗਾ। ਫੋਟੋਗ੍ਰਾਫਰਜ਼ ਅਤੇ ਪ੍ਰਸ਼ੰਸਕਾਂ ਦੀ ਭੀੜ ਉਸ ਦੇ ਆਲੇ-ਦੁਆਲੇ ਇਕੱਠੀ ਹੋਣ ਲੱਗੀ, ਜਿਸ ਤੋਂ ਬਾਅਦ ਉਸ ਨੇ ਮਹਾਕੁੰਭ ਤੋਂ ਘਰ ਪਰਤਣ ਦਾ ਫੈਸਲਾ ਕੀਤਾ, ਪਰ ਇਹ ਉਸਦੀ ਜ਼ਿੰਦਗੀ ਵਿੱਚ ਇੱਕ ਨਵੀਂ ਸ਼ੁਰੂਆਤ ਸੀ।








ਘਰ ਪਰਤਣ ਤੋਂ ਬਾਅਦ ਮੋਨਾਲੀਸਾ ਦੀ ਕਿਸਮਤ ਨੇ ਕਰੰਟ ਲਿਆ। ਮਸ਼ਹੂਰ ਬਾਲੀਵੁੱਡ ਫਿਲਮ ਨਿਰਦੇਸ਼ਕ ਸਨੋਜ ਮਿਸ਼ਰਾ ਨੇ ਉਸ ਦਾ ਵੀਡੀਓ ਦੇਖਿਆ ਅਤੇ ਮੋਨਾਲੀਸਾ ਨੂੰ ਫਿਲਮ 'ਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਸਨੋਜ ਮਿਸ਼ਰਾ ਨੇ ਮੋਨਾਲੀਸਾ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਫਿਲਮ ਦੀ ਪੇਸ਼ਕਸ਼ ਕੀਤੀ। ਮੋਨਾਲੀਸਾ ਨੇ ਆਪਣੇ ਪਰਿਵਾਰ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ। ਸਨੋਜ ਮਿਸ਼ਰਾ ਨੇ ਵਾਅਦਾ ਕੀਤਾ ਕਿ ਉਹ ਉਸ ਨੂੰ ਫਿਲਮ ਇੰਡਸਟਰੀ 'ਚ ਹੀਰੋਇਨ ਬਣਾਉਣਗੇ।

ਸਨੋਜ ਮਿਸ਼ਰਾ, ਜੋ ਹੁਣ ਤੱਕ ਪੰਜ ਬਾਲੀਵੁੱਡ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ, ਮੋਨਾਲੀਸਾ ਦੇ ਕਰੀਅਰ ਨੂੰ ਹੁਲਾਰਾ ਦੇਣ ਵਿੱਚ ਰੁੱਝੇ ਹੋਏ ਹਨ। ਹਾਲ ਹੀ 'ਚ ਇਕ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਉਹ ਮੋਨਾਲੀਸਾ ਨੂੰ ਪੜ੍ਹਾਈ ਪੜ੍ਹਾਉਂਦੇ ਨਜ਼ਰ ਆ ਰਹੇ ਹਨ। ਫਿਲਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਮੋਨਾਲੀਸਾ ਇਸ ਪ੍ਰੋਜੈਕਟ ਨੂੰ ਲੈ ਕੇ ਕਾਫੀ ਉਤਸ਼ਾਹਿਤ ਹੈ।

ਹਾਲ ਹੀ 'ਚ ਮੋਨਾਲੀਸਾ ਦਾ ਇੱਕ ਮੇਕਅੱਪ ਵੀਡੀਓ ਇੰਸਟਾਗ੍ਰਾਮ 'ਤੇ ਵਾਇਰਲ ਹੋਇਆ ਹੈ। ਕਲਿੱਪ ਵਿੱਚ ਦਿਖਾਇਆ ਗਿਆ ਹੈ ਕਿ ਉਹ ਸਟ੍ਰੇਟਨਰ, ਗੂੜ੍ਹੇ ਲਿਪਸਟਿਕ ਅਤੇ ਆਈ ਸ਼ੈਡੋ ਦੀ ਵਰਤੋਂ ਕਰਕੇ ਘੁੰਗਰਾਲੇ ਵਾਲਾਂ ਨਾਲ ਇੱਕ ਸੁੰਦਰਤਾ ਮੇਕਓਵਰ ਕਰਵਾ ਰਹੀ ਹੈ। ਇਸ ਪਰਿਵਰਤਨ ਨੇ ਦਰਸ਼ਕਾਂ ਨੂੰ ਆਕਰਸ਼ਤ ਕੀਤਾ ਹੈ, ਜੋ ਉਸ ਨੂੰ ਹੋਰ ਵੀ ਸੁੰਦਰ ਲੱਗਦੇ ਹਨ। ਵੀਡੀਓ ਨੇ ਤੇਜ਼ੀ ਨਾਲ ਪ੍ਰਸਿੱਧੀ ਹਾਸਲ ਕੀਤੀ, ਸਿਰਫ ਇੱਕ ਦਿਨ ਵਿੱਚ 92 ਲੱਖ ਤੋਂ ਵੱਧ ਵਿਊਜ਼ ਅਤੇ 2.3 ਲੱਖ ਲਾਈਕਸ ਪ੍ਰਾਪਤ ਕੀਤੇ।

ਮੋਨਾਲੀਸਾ ਸੋਸ਼ਲ ਮੀਡੀਆ 'ਤੇ ਜ਼ਬਰਦਸਤ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਉਸ ਦੀ ਸੁੰਦਰਤਾ ਅਤੇ ਆਤਮਵਿਸ਼ਵਾਸ ਨੇ ਕਈਆਂ ਨੂੰ ਪ੍ਰਭਾਵਿਤ ਕੀਤਾ ਹੈ। ਕੁਝ ਉਪਭੋਗਤਾਵਾਂ ਦਾ ਮੰਨਣਾ ਹੈ ਕਿ ਮੋਨਾਲੀਸਾ ਦੀ ਸੁੰਦਰਤਾ ਅਤੇ ਪ੍ਰਤਿਭਾ ਹੁਣ ਬਾਲੀਵੁੱਡ ਦੀਆਂ ਸਥਾਪਿਤ ਸੁੰਦਰੀਆਂ ਲਈ ਖ਼ਤਰਾ ਬਣ ਸਕਦੀ ਹੈ। ਬਾਲੀਵੁੱਡ ਅਭਿਨੇਤਰੀ ਕੰਗਨਾ ਰਣੌਤ ਨੇ ਵੀ ਮੋਨਾਲੀਸਾ ਦਾ ਸਮਰਥਨ ਕੀਤਾ ਅਤੇ ਉਸ ਦੇ ਡਾਰਕ ਕੰਪਲੈਕਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕੰਗਨਾ ਨੇ ਮੋਨਾਲੀਸਾ ਦੀ ਖੂਬਸੂਰਤੀ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਇਹ ਉਹ ਸਮਾਂ ਹੈ ਜਦੋਂ ਖੂਬਸੂਰਤੀ ਦੇ ਪੁਰਾਣੇ ਮਾਪਦੰਡਾਂ ਨੂੰ ਚੁਣੌਤੀ ਦਿੱਤੀ ਜਾਂਦੀ ਹੈ। ਹੁਣ ਜਦੋਂ ਮੋਨਾਲੀਸਾ ਜਲਦ ਹੀ ਆਪਣੀ ਫਿਲਮ 'ਚ ਨਜ਼ਰ ਆਉਣ ਵਾਲੀ ਹੈ ਤਾਂ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਉਹ ਬਾਲੀਵੁੱਡ 'ਚ ਆਪਣੀ ਪਛਾਣ ਕਿਵੇਂ ਬਣਾਉਂਦੀ ਹੈ ਅਤੇ ਕੀ ਉਹ ਸੱਚਮੁੱਚ ਬਾਲੀਵੁੱਡ ਦੀਆਂ ਪ੍ਰਮੁੱਖ ਸੁੰਦਰੀਆਂ ਨੂੰ ਚੁਣੌਤੀ ਦਿੰਦੀ ਹੈ। ਮੋਨਾਲੀਸਾ ਦਾ ਇਹ ਸਫ਼ਰ ਇੱਕ ਪ੍ਰੇਰਣਾ ਹੈ ਕਿ ਕਿਸ ਤਰ੍ਹਾਂ ਕਿਸੇ ਵੀ ਆਮ ਵਿਅਕਤੀ ਦੀ ਜ਼ਿੰਦਗੀ ਇੱਕ ਮੋੜ ਲੈ ਕੇ ਆਪਣੇ ਆਪ ਨੂੰ ਇੱਕ ਨਵੀਂ ਪਛਾਣ ਦੇ ਸਕਦੀ ਹੈ।

# ਮਸ਼ਹੂਰ YOUTUBER ਹੋਇਆ ਲਾਪਤਾ, ਪੁਲਸ ਕਰ ਰਹੀ ਹੈ ਜਾਂਚ



ਮੁੰਬਈ- ਮਸ਼ਹੂਰ ਯੂਟਿਊਬਰ ਰਣਵੀਰ ਇਲਾਹਾਬਾਦੀਆ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ ਰਣਵੀਰ ਪੁਲਸ ਦੇ ਸੰਪਰਕ ਤੋਂ ਬਾਹਰ ਹੈ। ਉਸ ਦਾ ਫੋਨ ਵੀ ਬੰਦ ਹੈ ਅਤੇ ਉਹ ਘਰ ਤੋਂ ਗਾਇਬ ਹੋ ਚੁੱਕਿਆ ਹੈ। ਵੀਰਵਾਰ ਸ਼ਾਮ, ਜਦੋਂ ਮੁੰਬਈ ਪੁਲਸ ਉਸ ਦੇ ਘਰ ਪੁੱਜੀਤਾਂ ਘਰ 'ਤੇ ਤਾਲਾ ਲੱਗਾ ਹੋਇਆ ਸੀ।

ਜਾਣਕਾਰੀ ਅਨੁਸਾਰ, ਨਾ ਹੀ ਰਣਵੀਰ ਅਤੇ ਨਾ ਹੀ ਉਸ ਦਾ ਵਕੀਲ ਮੁੰਬਈ ਪੁਲਸ ਨਾਲ ਸੰਪਰਕ ਕਰ ਰਹੇ ਹਨ। ਮੁੰਬਈ ਪੁਲਸ ਪਹਿਲਾਂ ਹੀ ਉਸ ਨੂੰ ਦੋ ਵਾਰ ਸੰਮਨ ਭੇਜ ਚੁੱਕੀ ਹੈ ਅਤੇ ਉਨ੍ਹਾਂ ਦੇ ਪੁਲਸ ਸਟੇਸ਼ਨ ਆ ਕੇ ਬਿਆਨ ਦਰਜ ਕਰਾਉਣ ਦੀ ਉਡੀਕ ਕਰ ਰਹੀ ਹੈ ਪਰ ਹੁਣ ਰਣਵੀਰ ਨੇ ਆਪਣਾ ਫੋਨ ਬੰਦ ਕੀਤਾ ਹੋਇਆ ਹੈ ਅਤੇ ਕਿਤੇ ਚਲਾ ਗਿਆ ਹੈ। ਦੂਜੇ ਪਾਸੇ Inida's Got Latent ਸ਼ੋਅ ਦੇ ਵੀਡੀਓ ਐਡੀਟਰ ਪ੍ਰਥਮ ਸਾਗਰ ਖ਼ਾਰ ਪੁਲਸ ਸਟੇਸ਼ਨ ਪਹੁੰਚ ਚੁੱਕੇ ਹਨ ਅਤੇ ਉਨ੍ਹਾਂ ਦਾ ਬਿਆਨ ਦਰਜ ਕੀਤਾ ਜਾ ਰਿਹਾ ਹੈ।

ਮਸ਼ਹੂਰ ਯੂਟਿਊਬਰ ਰਣਵੀਰ ਇਲਾਹਾਬਾਦੀਆ ਇਕ ਵੱਡੇ ਵਿਵਾਦ 'ਚ ਫਸ ਗਿਆ ਹੈ। ਹਾਲ ਹੀ 'ਚ, ਉਹ ਯੂਟਿਊਬਰ ਸਮੈ ਰੈਨਾ ਦੇ SoA 'Inidas Got Latent' 'ਚ ਜੱਜ ਵਜੋਂ ਸ਼ਾਮਲ ਹੋਏ ਸਨ। ਇਹ ਇੱਕ ਡਾਰਕ ਕਾਮੇਡੀ ਸ਼ੋਅ ਹੈ ਪਰ ਮਾਪਿਆਂ 'ਤੇ ਕੀਤੇ ਕੁਮੈਂਟਸ ਨੂੰ ਲੈ ਕੇ ਹੁਣ ਉਨ੍ਹਾਂ ਖ਼ਿਲਾਫ਼ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਰਣਵੀਰ ਤੇ ਸਮੈ ਦੋਵਾਂ ਖ਼ਿਲਾਫ਼ FIR ਦਰਜ ਕੀਤੀ ਗਈ ਹੈ।

ਇਹ ਮਾਮਲਾ ਹੁਣ ਸੁਪਰੀਮ ਕੋਰਟ ਤੱਕ ਪਹੁੰਚ ਚੁੱਕਿਆ ਹੈ। ਸ਼ੁੱਕਰਵਾਰ ਨੂੰ ਕੋਰਟ ਨੇ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਕੁਝ ਦਿਨਾਂ 'ਚ ਰਣਵੀਰ ਦੀ ਪਟੀਸ਼ਨ 'ਤੇ ਸੁਣਵਾਈ ਹੋਵੇਗੀ।

ਰਣਵੀਰ ਇੱਕ ਮਸ਼ਹੂਰ ਯੂਟਿਊਬਰ ਹੈ, ਜੋ ਹਰ ਮਹੀਨੇ ਲੱਖਾਂ ਦੀ ਕਮਾਈ ਕਰਦਾ ਹੈ। ਉਸ ਦਾ ਇੱਕ ਪਾਪੂਲਰ ਪੌਡਕਾਸਟ ਚੈਨਲ ਵੀ ਹੈ, ਜਿੱਥੇ ਕਈ ਵੱਡੇ ਸੈਲੇਬਸ ਆ ਚੁੱਕੇ ਹਨ। ਪਰ ਹੁਣ ਇਸ ਵਿਵਾਦ ਕਾਰਨ ਬਹੁਤ ਸਾਰੇ ਸੈਲੇਬਸ ਰਣਬੀਰ ਦੇ ਇਸ ਸ਼ੋਅ ਤੋਂ ਦੂਰੀ ਬਣਾਉਂਦੇ ਨਜ਼ਰ ਆ ਰਹੇ ਹਨ।

# ਸਿੱਧੂ 'ਤੇ ਕਿਤਾਬ ਲਿਖਣ ਵਾਲੇ ਨੇ ਕਿਉਂ ਆਖੀ ਇਹ ਵੱਡੀ ਗੱਲ





ਮਾਨਸਾ- ਲੇਖਕ ਮਨਜਿੰਦਰ ਮਾਖਾ ਨੇ ਆਪਣੇ ਦੋਸਤ ਮਰਹੂਮ ਸਿੱਧੂ ਮੂਸੇਵਾਲਾ ਦੇ ਜੀਵਨ 'ਤੇ ਕਿਤਾਬ ਲਿਖੀ ਹੈ। ਕਿਤਾਬ ਦਾ ਨਾਮ 'The Real Reason Why Legend iDed' ਹੈ। ਇਸ ਕਿਤਾਬ ਕਰਕੇ ਮਨਜਿੰਦਰ ਸਿੰਘ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ, ਜਦੋਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਉਸ ਦੇ (ਮਨਜਿੰਦਰ ਮਾਖਾ) ਖਿਲਾਫ ਦਸੰਬਰ, 2024 'ਚ ਮਾਮਲਾ ਦਰਜ ਕਰਵਾ ਦਿੱਤਾ ਅਤੇ ਇਲਜ਼ਾਮ ਲਾਇਆ ਕਿ ਇਹ ਕਿਤਾਬ 'ਬੇਬੁਨਿਆਦ ਬਦਨਾਮੀ ਦੇ ਦੋਸ਼ਾਂ' 'ਤੇ ਅਧਾਰਿਤ ਹੈ। ਇਸ ਨੂੰ ਲੈ ਕੇ ਪੁਲਸ ਮਾਖਾ ਦੇ ਘਰ ਲਗਾਤਾਰ ਛਾਪੇਮਾਰੀ ਕਰ ਰਹੀ ਸੀ।

ਆਖਰਕਾਰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਮਾਖਾ ਨੂੰ ਜ਼ਮਾਨਤ ਮਿਲ ਗਈ ਹੈ। ਕਿਤਾਬ ਲਿਖਣ ਤੋਂ ਬਾਅਦ ਮਨਜਿੰਦਰ ਮਾਖਾ ਨੇ ਫੇਸਬੁੱਕ 'ਤੇ ਉਸ ਦੀ ਤਸਵੀਰ ਵੀ ਸ਼ੇਅਰ ਕੀਤੀ ਸੀ ਹਾਲਾਂਕਿ ਮਨਜਿੰਦਰ ਮਾਖਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੋਂ ਹੁਣ ਪੋਸਟ ਨੂੰ ਹਟਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮਨਜਿੰਦਰ ਮਾਖਾ ਸਿੱਧੂ ਮੂਸੇ ਵਾਲੇ ਦਾ ਨਜ਼ਦੀਕੀ ਦੋਸਤ ਸੀ, ਜਿਨ੍ਹਾਂ ਵੱਲੋਂ ਸਿੱਧੂ ਮੂਸੇ ਵਾਲਾ ਦੀ ਮੌਤ ਤੋਂ ਬਾਅਦ ਉਸ ਦੇ ਜੀਵਨ 'ਤੇ ਕਿਤਾਬ ਲਿਖੀ ਗਈ ਅਤੇ ਇਸ ਕਿਤਾਬ 'ਚ ਸਿੱਧੂ ਮੂਸੇਵਾਲੇ ਦੇ ਬਚਪਨ ਦੀਆਂ ਤਸਵੀਰਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ।

ਇਸ ਦੇ ਨਾਲ ਹੀ ਇਸ ਕਿਤਾਬ ਦੇ 'ਚ ਸਿੱਧੂ ਮੂਸੇਵਾਲਾ ਦੇ ਕੇਂਦਰ ਦੇ ਵੱਡੇ ਲੀਡਰਾਂ ਦੇ ਨਾਲ ਸਬੰਧਾਂ ਤੋਂ ਇਲਾਵਾ ਲਾਰੈਂਸ ਬਿਸ਼ਨੋਈ ਅਤੇ ਹੋਰ ਗੈਂਗਸਟਰ ਗਰੁੱਪਾਂ ਦਾ ਵੀ ਜ਼ਿਕਰ ਕੀਤਾ ਗਿਆ ਸੀ।

ਇਸ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਇਸ ਕਿਤਾਬ 'ਤੇ ਇਤਰਾਜ਼ ਜਤਾਉਂਦੇ ਹੋਏ ਮਾਨਸਾ ਐਸ.ਐਸ.ਪੀ. ਨੂੰ ਸ਼ਿਕਾਇਤ ਦੇ ਕੇ ਮਨਜਿੰਦਰ ਮਾਖਾ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਮਾਨਸਾ ਸਦਰ ਪੁਲਸ ਵੱਲੋਂ ਮਨਜਿੰਦਰ ਮਾਖਾ ਦੇ ਖਿਲਾਫ ਸਿੱਧੂ ਮੂਸੇ ਵਾਲਾ ਦੇ ਪਿਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਗਿਆ ਸੀ।

# ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ




ਸ਼ਿਮਲਾ ਮਿਰਚ ਸਵਾਦਹੀਣ, ਫਿੱਕੀ ਬਹੁਤ ਮੋਟੀ ਅਤੇ ਅਨੇਕਾਂ ਰੰਗਾਂ ਦੀ ਹਰੀ, ਲਾਲ, ਪੀਲੀ ਹੁੰਦੀ ਹੈ। ਲਾਲ ਸ਼ਿਮਲਾ ਮਿਰਚ ਵਿਚ ਸ਼ਕਤੀਸ਼ਾਲੀ ਐਂਟੀਆਕਸੀਡੈਂਟਸ ਅਤੇ ਪੀਲੀ ਸ਼ਿਮਲਾ ਮਿਰਚ ਵਿਚ ਭਰਪੂਰ ਵਿਟਾਮਨ ਸੀ 340 ਮਿਲੀਗ੍ਰਾਮ ਹੁੰਦਾ ਹੈ। ਜਿਹੜਾ ਤਿੰਨ ਗਿਲਾਸ ਨਾਰੰਗੀ ਦੇ ਰਸ ਦੇ ਬਰਾਬਰ ਹੈ। ਹਰੀ ਸ਼ਿਮਲਾ ਮਿਰਚ ਵਿਚ ਪੋਸ਼ਕ ਤੱਤ ਘੱਟ ਹੁੰਦੇ ਹਨ। ਹਰ ਰੋਜ਼ ਇਕ ਸ਼ਿਮਲਾ ਮਿਰਚ ਖਾ ਕੇ ਤੁਸੀਂ 60 ਮਿਲੀਗ੍ਰਾਮ ਵਿਟਾਮਨ ਸੀ ਪ੍ਰਾਪਤ ਕਰ ਸਕਦੇ ਹੋ।

• ਫਰੀ ਰੇਡੀਕਲਜ ਪ੍ਰਦੂਸ਼ਣ ਤੋਂ ਪੈਦਾ ਜ਼ਹਿਰੀਲੇ ਕਣ ਉਹ ਹੁੰਦੇ ਹਨ ਜਿਹੜੇ ਸਰੀਰ ਵਿਚ ਧਮਣੀਆਂ ਵਿਚ ਕੋਲੇਸਟਰੋਲ ਜਮਾਂ ਕਰਕੇ ਦਿਲ ਦੇ ਰੋਗ, ਬਲੱਡ ਸ਼ੂਗਰ ਵਧਾਉਂਦੇ ਹਨ। ਇਹ ਮੋਤੀਆ ਬਿੰਦ, ਜੋੜਾਂ ਦੀ ਸੋਜ਼, ਦਰਦ, ਦਮੇ ਵਿਚ ਛਾਂ-ਛਾਂ ਦੀ ਆਵਾਜ਼ ਤੇ ਘੁਟਣ ਪੈਦਾ ਕਰਦੇ ਹਨ। ਸ਼ਿਮਲਾ ਮਿਰਚ ਪੋਸ਼ਕ ਭੋਜਨ ਹੈ ਜਿਸ ਨਾਲ ਫਰੀ ਰੇਡੀਕਲਜ ਨਸ਼ਟ ਹੁੰਦੇ ਹਨ, ਉਕਤਾਂ ਦੀ ਮੁੜ-ਸਿਰਜਣਾ ਹੁੰਦੀ ਹੈ। ਸਰੀਰ ਵਿਚ ਭਰੇ ਵਿਰੋਧੀ ਤੱਤ ਵੀ ਨਸ਼ਟ ਹੋ ਜਾਂਦੇ ਹਨ ਅਤੇ ਸਰੀਰ ਤੰਦਰੁਸਤ ਹੋ ਜਾਂਦਾ ਹੈ।

ਸ਼ਿਮਲਾ ਮਿਰਚ ਵਿਚ ਵਿਟਾਮਨ ਸੀ ਅਤੇ ਏ ਅਜਿਹੇ ਸ਼ਕਤੀਸ਼ਾਲੀ ਐਂਟੀ ਆਕਸੀਡੈਂਟ ਹੁੰਦੇ ਹਨ, ਜਿਹੜੇ ਫਰੀ ਰੇਡੀਕਲਾਂ ਦੇ ਉਪਰ ਦੱਸੇ ਬੁਰੇ ਪ੍ਰਭਾਵਾਂ ਨੂੰ ਖ਼ਤਮ ਕਰਦੇ ਹਨ।

100 ਗ੍ਰਾਮ ਸ਼ਿਮਲਾ ਮਿਰਚ ਵਿਚੋਂ : ਊਰਜਾ 200 ਕਿਲੋ ਕੈਲੋਰੀਜ, ਕਾਰਬੋਹਾਈਡਰੇਟਸ 9.64 ਗ੍ਰਾਮ, ਪ੍ਰੋਟੀਨ 0.86 ਗ੍ਰਾਮ, ਚਿਕਨਾਈ 0. 17 ਗ੍ਰਾਮ, ਥਿਆਮੀਨ (ਵਿਟਾਮਨ ਬੀ-1) 0.057 ਮਿਲੀਗ੍ਰਾਮ, ਪੇਂਟੋਥੇਨਿਕ ਐਸਿਡ 0.099 ਮਿਲੀਗ੍ਰਾਮ, ਫਾਈਬਰ ਸ਼ੂਗਰ 1.7 ਗ੍ਰਾਮ, ਸ਼ੂਗਰ 2.40 ਗ੍ਰਾਮ, ਆਇਰਨ (ਲੋਹਾ) 0.34 ਮਿਲੀਗ੍ਰਾਮ, ਫੋਲੇਟ (ਵਿਟਾਮਿਨ ਬੀ 9) 10 ਮਿਲੀਗ੍ਰਾਮ ਮਿਲਦੇ ਹਨ।




ਸਰ੍ਹੋਂ ਤੇ ਤੇਲ ਵਿਚ ਓਮੇਗਾ ਫੈਟੀ ਐਸਿਡ ਹੁੰਦਾ ਹੈ। ਇਹ ਵੱਡੀ ਅੰਤੜੀ ਦੇ ਕੈਂਸਰ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਸਰ੍ਹੋਂ ਦੇ ਤੇਲ ਵਿਚ ਸਲਫੋਰਾਫੇਨ ਮਿਲਦਾ ਹੈ। ਜਿਹੜਾ ਕਈ ਕਿਸਮਾਂ ਦੇ ਕੈਂਸਰ ਤੋਂ ਬਚਾਉਂਦਾ ਹੈ। ਇਹਨਾਂ ਦੇ ਇਲਾਵਾ ਇਸ ਵਿਚ ਟੋਕੋਫੇਰੋਲ, ਵਿਟਾਮਨ ਈ ਵੀ ਹੁੰਦਾ ਹੈ। ਜਿਹੜਾ ਐਂਟੀ ਔਕਸੀਡੈਂਟ ਗੁਣਾਂ ਨਾਲ ਭਰਪੂਰ ਹੁੰਦਾ ਹੈ ਅਤੇ ਚਮੜੀ ਦੇ ਰੋਗ, ਗਠੀਆ ਆਦਿ ਤੋਂ ਵੀ ਰਾਖੀ ਕਰਦਾ ਹੈ।

ਦਿਨ ਵਿਚ ਤਿੰਨ ਵਾਰੀ ਇਕ-ਇਕ ਚਮਚਾ ਸਰ੍ਹੋਂ ਦੇ ਦਾਣਿਆਂ ਦਾ ਚੂਰਣ ਲੈਣ ਨਾਲ ਬਲੱਡ ਸ਼ੂਗਰ ਨਿਯੰਤਰਣ ਵਿਚ ਆ ਜਾਂਦੀ ਹੈ ਅਤੇ ਇੰਨਸੂਲੀਨ ਦੀ ਲੋੜ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ਜਾਂ ਬਹੁਤ ਘੱਟ ਹੋ ਜਾਂਦੀ ਹੈ।




ਕਾਲਾ ਜੀਰਾ ਪੰਸਾਰੀ ਦੀ ਦੁਕਾਨ ਤੇ ਆਮ ਮਿਲਦਾ ਹੈ। ਬੱਚੇ ਦੇ ਮਰ ਜਾਣ ਤੇ ਔਰਤ ਦੀਆਂ ਛਾਤੀਆਂ ਵਿਚ ਦੁੱਧ ਇਕੱਠਾ ਹੋ ਕੇ ਦਰਦ ਹੋਣ ਲੱਗ ਜਾਂਦਾ ਹੈ। ਕਾਲਾ ਜੀਰਾ ਪਾਣੀ ਵਿਚ ਪੀਸਕੇ ਛਾਤੀਆਂ ਉਪਰ ਲੇਪ ਕਰਨ ਨਾਲ ਲਾਭ ਹੁੰਦਾ ਹੈ।

• ਹਾਜ਼ਮੇ ਸਬੰਧੀ ਰੋਗਾਂ ਵਿਚ ਜੀਰਾ ਕਾਫੀ ਉਪਯੋਗੀ ਹੈ। ਇਕ ਛੋਟਾ ਚਮਚਾ ਜ਼ੀਰਾ, ਇਕ ਚਮਚਾ ਤਾਜੇ ਧਨੀਏ ਦੇ ਪੱਤਿਆਂ ਦਾ ਰਸ ਅਤੇ ਇਕ ਚੁਟਕੀ ਲੂਣ ਮਿਲਾਕੇ, ਇਹ ਮਿਸ਼ਰਣ ਦਸਤਾਂ ਦੇ ਲਈ ਇਕ ਦਵਾਈ ਦੇ ਤੌਰ ਤੇ ਹਰ ਰੋਜ਼ ਦੋ ਵਾਰ ਖਾਣੇ ਤੋਂ ਪਿਛੋਂ ਲਿਆ ਜਾ ਸਕਦਾ ਹੈ।

• ਬਵਾਸੀਰ ਦੇ ਇਲਾਜ਼ ਲਈ ਜ਼ੀਰਾ ਲਾਭਦਾਇਕ ਹੈ। ਲਗਭਗ 60 ਗਰਾਮ ਜੀਰੇ ਦੇ ਬੀਜਾਂ ਵਿਚੋਂ ਅਧੇ ਬੀਜਾਂ ਨੂੰ ਭੁੰਨਕੇ ਅਤੇ ਅੱਧੇ ਬਿਨਾ ਭੁੰਨੇ (ਕੱਚੇ) ਰੱਖਕੇ, ਪੀਸ ਲਉ। ਇਸ ਚੂਰਨ ਦਾ ਲਗਭਗ ਤਿੰਨ ਗਰਾਮ ਪਾਣੀ ਦੇ ਨਾਲ ਹਰ ਰੋਜ਼ ਸੇਵਨ ਕਰੋ।

• ਨੀਂਦ ਨਾ ਆਉਣ ਦੀ ਹਾਲਤ ਵਿਚ ਜੀਰਾ ਕਾਫੀ ਗੁਣਕਾਰੀ ਹੈ। ਨੀਂਦ ਦੇ ਲਈ ਭੁੰਨੇ ਹੋਏ ਜੀਰੇ ਦਾ ਇਕ ਛੋਟਾ ਚਮਚਾ ਚੂਰਨ ਪੱਕੇ ਕੇਲੇ ਦੇ ਗੁੱਦੇ ਨਾਲ ਰਾਤ ਨੂੰ ਲੈਣ ਸਮੇਂ ਫਾਇਦਾ ਹੁੰਦਾ ਹੈ। ਜੀਰੇ ਦਾ ਹਲਕਾ (ਪਤਲਾ) ਪਾਣੀ ਸਰਦੀ ਜੁਕਾਮ ਅਤੇ ਬੁਖ਼ਾਰ ਵਿਚ ਬਹੁਤ ਉਪਯੋਗੀ ਹੈ। ਜੀਰਾ ਪਾਣੀ ਬਨਾਉਣ ਦੇ ਲਈ ਇਕ ਛੋਟਾ ਚਮਚਾ ਜ਼ੀਰਾ ਪਾਣੀ ਵਿਚ ਪਾ ਕੇ ਉਬਾਲੋ, ਠੰਢਾ ਹੋਣ ਲਈ ਰੱਖ ਦੇਵੋ। ਜੇਕਰ ਜ਼ੁਕਾਮ ਦੇ ਨਾਲ ਗਲਾ ਵੀ ਖਰਾਬ ਹੈ ਤਾਂ ਇਸ ਪਾਣੀ ਨੂੰ ਉਬਾਲਦੇ ਸਮੇਂ ਥੋੜ੍ਹੀ ਜਿਹੀ ਸੁੰਢ ਮਿਲਾ ਲਉ।

ਇਸਦੇ ਸੇਵਨ ਨਾਲ ਗਲੇ ਦੀ ਜਲਣ ਅਤੇ ਦਰਦ ਘੱਟ ਹੋ ਜਾਂਦਾ ਹੈ। ਜ਼ੁਕਾਮ ਤੇ ਬੁਖਾਰ ਤੋਂ ਆਰਾਮ ਮਿਲਦਾ ਹੈ।

• ਯਾਦਦਾਸ਼ਤ ਦੀ ਕਮਜ਼ੋਰੀ ਤੋਂ ਛੁਟਕਾਰਾ ਪਾਉਣ ਲਈ ਕਾਲਾ ਜੀਰਾ ਤਿੰਨ ਗਰਾਮ 12 ਗਰਾਮ ਸ਼ਹਿਦ ਨਾਲ ਮਿਲਾਕੇ ਚੱਟਣ ਤੇ ਯਾਦਦਾਸ਼ਤ ਠੀਕ ਹੋ ਜਾਂਦੀ ਹੈ।




ਇਸ ਨੂੰ ਅੰਗਰੇਜ਼ੀ ਵਿਚ ਵਿੰਟਰ ਚੈਰੀ (Winter Cherry) ਆਖਦੇ ਹਨ। ਅਸ਼ਵਗੰਧਾ ਵਿਚ ਬਾਇਦਾਫੇਰੀਨ ਨਾਮੀਂ ਰਸਾਇਣ ਕੈਂਸਰ ਦੇ ਵਿਸ਼ਾਣੂਆਂ ਨੂੰ ਮਾਰਨ ਦੇ ਸਮੱਰਥ ਹੈ। ਸੀ. ਏ. ਮੇਅਰ ਨੇ ਅਸ਼ਗੰਧਾ ਦੀ ਤੁਲਨਾ ਚੀਨ ਦੀ ਪ੍ਰਸਿੱਧ ਬੂਟੀ ਜਿਨਸੇਂਗ ਨਾਲ ਕੀਤੀ ਹੈ। ਇਸਨੂੰ ਉਸਨੇ ਭਾਰਤੀ ਜਿਨਸੇਂਗ ਦੀ ਸੰਗਿਆ ਦਿੱਤੀ ਹੈ। ਇਸਨੂੰ ਐਂਟੀ ਸਟਰੈਸ (ਤਣਾਉ ਵਿਰੋਧੀ) ਦਵਾਈ ਵੀ ਆਖਿਆ ਜਾਂਦਾ ਹੈ।

• ਅਸ਼ਵਗੰਧਾ, ਭੁੰਨਿਆ ਹੋਇਆ ਜੀਰਾ, ਔਲਾ, ਸ਼ਹਿਦ ਤੇ ਸ਼ਤਾਵਰੀ ਸਾਰੇ ਪੀਸੇ ਹੋਏ ਇਕੋ ਜਿਹੀ ਮਾਤਰਾ ਵਿਚ ਮਿਲਾਕੇ ਹਰ ਰੋਜ਼ ਰਾਤ ਨੂੰ ਦੋ ਚਮਚੇ ਗਰਮ ਦੁੱਧ ਨਾਲ ਲੈਣ ਤੇ ਮਰਦਾਨਾ ਸ਼ਕਤੀ ਬਣੀ ਰਹਿੰਦੀ ਹੈ।

• ਅਸ਼ਵਗੰਧਾ ਸ਼ੁਕਰਾਣੂਆਂ ਨੂੰ ਵਧਾਉਂਦੀ ਹੈ। ਅੱਧਾ ਚਮਚਾ ਅਸ਼ਵਗੰਧਾ ਚੂਰਣ, ਘਿਉ ਤੇ ਮਿਸਰੀ ਵਿਚ ਮਿਲਾਕੇ ਚੱਟਣ ਨਾਲ, ਬਾਦ ਵਿਚ ਗਰਮ/ਕੋਸਾ ਦੁੱਧ ਪੀਣ ਤੇ ਸ਼ੁਕਰਾਣੂਆਂ ਵਿਚ ਵਾਧਾ ਹੁੰਦਾ ਹੈ ਅਤੇ ਉਹ ਮਜ਼ਬੂਤ ਤੇ ਤੰਦਰੁਸਤ ਬਣ ਜਾਂਦੇ ਹਨ। ਇਸ ਨਾਲ ਵੀਰਜ ਨਾਲ ਸਬੰਧਿਤ ਹੋਰ ਵਿਕਾਰ ਵੀ ਖਤਮ ਹੋ ਜਾਂਦੇ ਹਨ।

• ਇਕ ਗਿਲਾਸ ਮਿਸਰੀ ਯੁਕਤ ਗਰਮ ਦੁੱਧ ਲਵੋ। ਹਰ ਰੋਜ਼ ਇਕ ਚਮਚਾ ਅਸ਼ਵਗੰਧਾ ਦੇ ਚੂਰਣ ਦੀ ਫੱਕੀ ਇਸ ਦੁੱਧ ਨਾਲ ਰਾਤ ਨੂੰ ਲੰਬੇ ਸਮੇਂ ਤੱਕ ਲੈਂਦੇ ਰਹਿਣ ਨਾਲ ਚੱਕਰ ਆਉਣੇ, ਕਮਜ਼ੋਰੀ ਹੋਣੀ, ਉੱਚ ਰਕਤਚਾਪ ਅਤੇ ਉਨੀਂਦਰੇ ਤੋਂ ਛੁਟਕਾਰਾ ਹੁੰਦਾ ਹੈ।

• ਅਸ਼ਵਗੰਧਾ ਚੂਰਣ ਭਾਵ ਪੀਸੀ ਹੋਈ, ਮਿਸ਼ਰੀ ਇਕੋ ਜਿਹੀ ਮਾਤਰਾ ਵਿਚ ਮਿਲਾਵੋ ਅਤੇ ਇਸਨੂੰ ਇਕ ਚਮਚਾ ਜਾਂ ਅੱਧਾ ਚਮਚਾ ਘਿਉ ਨਾਲ ਲਵੋ, ਇਸਦੇ ਸੇਵਨ ਨਾਲ ਲੱਕ ਦਾ ਦਰਦ ਦੂਰ ਹੋ ਜਾਵੇਗਾ।

• ਗਰਭ ਵਿਚ ਪਲ ਰਹੇ ਬੱਚੇ ਦੇ ਪੋਸ਼ਣ ਲਈ ਅਸ਼ਵਗੰਧਾ ਦਾ ਸੇਵਨ ਬਹੁਤ ਹੀ ਗੁਣਕਾਰੀ ਹੁੰਦਾ ਹੈ। ਗਰਭ ਅਵਸਥਾ ਦੇ ਚੌਥੇ ਤੋਂ ਛੇਵੇਂ ਮਹੀਨੇ ਵਿਚ ਅਸ਼ਵਗੰਧਾ ਤੇ ਸ਼ਤਾਵਰੀ ਦਾ ਚੂਰਣ ਬਰਾਬਰ ਮਾਤਰਾ ਵਿਚ ਮਿਲਾਕੇ ਦੋ-ਦੋ ਚਮਚੇ ਸੁਬਾਹ-ਸ਼ਾਮ ਗਰਮ ਦੁੱਧ ਨਾਲ ਫੱਕੀ ਲਵੋ।

ਇਸ ਨਾਲ ਗਰਭ ਵਿਚ ਪਲ ਰਹੇ ਸ਼ਿਸ਼ੂ ਨੂੰ ਵਧੀਆ ਪੌਸ਼ਟਿਕ ਆਹਾਰ ਮਿਲਦਾ ਹੈ। ਸ਼ਿਸ਼ੂ ਦੇ ਜਨਮ ਤੋਂ ਬਾਦ ਵੀ ਮਾਂ ਇਸਦੀ ਵਰਤੋਂ ਕਰਦੀ ਰਹੇ। ਜੱਚਾ ਤੇ ਬੱਚਾ ਦੋਵੇਂ ਹੀ ਤੰਦਰੁਸਤ ਰਹਿਣਗੇ।

• ਅਸ਼ਵਗੰਧਾ ਪਾਉਡਰ ਭਾਵ ਪੀਸੀ ਹੋਈ ਅਸ਼ਵਗੰਧਾ, ਮਿਸ਼ਰੀ, ਸ਼ਹਿਦ ਦੋ-ਦੋ ਗ੍ਰਾਮ ਮਿਲਾਕੇ ਦੋ ਚਮਚੇ ਘਿਉ ਦੇ ਨਾਲ ਹਰ ਰੋਜ ਸੁਬਾਹ ਸੇਵਨ ਕਰੋ ਅਤੇ ਸੰਭੋਗ ਤੋਂ ਸੰਕੋਚ ਕਰੋ। ਇਸ ਨਾਲ ਵੀਰਜ ਵਧਦਾ ਹੈ, ਵੀਰਜ ਗਾੜ੍ਹਾ ਹੁੰਦਾ ਹੈ ਅਤੇ ਇਸ ਨਾਲ ਤੰਦਰੁਸਤੀ ਤੇ ਚੁਸਤੀ ਆ ਜਾਂਦੀ ਹੈ।

## ਮਹਾਕੁੰਭ ‘ਚ ਬਣਿਆ ਰਿਕਾਰਡ, 50 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਲਾਈ ਆਸਥਾ ਦੀ ਡੁੱਬਕੀ



ਪ੍ਰਯਾਗਰਾਜ- ਸੰਗਮਨਗਰੀ ‘ਚ 144 ਸਾਲ ਬਾਅਦ ਹੋਏ ਮਹਾਕੁੰਭ ‘ਚ ਇਤਿਹਾਸ ਰਚਿਆ ਗਿਆ ਹੈ। 33ਵੇਂ ਦਿਨ ਸ਼ੁੱਕਰਵਾਰ ਨੂੰ ਮਹਾਕੁੰਭ ‘ਚ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ 50 ਕਰੋੜ ਨੂੰ ਪਾਰ ਕਰ ਗਈ ਹੈ। ਇਹ ਆਪਣੇ ਆਪ ਵਿਚ ਇਕ ਵਿਸ਼ਵ ਰਿਕਾਰਡ ਬਣ ਗਿਆ ਹੈ।

ਪੂਰੀ ਦੁਨੀਆ ‘ਚ ਇਕ ਆਯੋਜਨ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦੀ ਗਿਣਤੀ 50 ਕਰੋੜ ਤੱਕ ਪਹੁੰਚਣ ਨਾਲ ਹੀ ਇਹ ਦੇਸ਼ ਵਲੋਂ ਬਣਾਇਆ ਗਿਆ ਇਕ ਵਿਸ਼ਵ ਰਿਕਾਰਡ ਹੈ, ਜਿਸ ਨੂੰ ਮੌਜੂਦਾ ਸਮੇਂ ‘ਚ ਕੋਈ ਹੋਰ ਨਹੀਂ ਤੋੜ ਸਕਦਾ ਹੈ ਕਿਉਂਕਿ ਦੁਨੀਆ ਵਿਚ ਕਿਤੇ ਵੀ ਇਸ ਪੱਧਰ ਦਾ ਕੋਈ ਹੋਰ ਆਯੋਜਨ ਨਹੀਂ ਹੁੰਦਾ ਹੈ। ਤ੍ਰਿਵੇਣੀ ਸੰਗਮ ‘ਚ ਇਸ਼ਨਾਨ ਕਰਨ ਵਾਲੇ ਲੋਕਾਂ ਦੀ ਗਿਣਤੀ 50 ਕਰੋੜ ਦੇ ਅੰਕੜੇ ‘ਤੇ ਪਹੁੰਚਣ ‘ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਹੈ।

ਮੁੱਖ ਮੰਤਰੀ ਯੋਗੀ ਨੇ ‘ਐਕਸ’ ‘ਤੇ ਲਿਖਿਆ ਹੈ ਕਿ ਭਾਰਤ ਦੀ ਅਧਿਆਤਮਿਕਤਾ, ਏਕਤਾ, ਸਮਾਨਤਾ ਅਤੇ ਸਦਭਾਵਨਾ ਦੇ ਜੀਵਤ ਪ੍ਰਤੀਕ ਮਹਾਕੁੰਭ 2025। ਪ੍ਰਯਾਗਰਾਜ ‘ਚ ਹੁਣ ਤੱਕ ਪਾਵਨ ਤ੍ਰਿਵੇਦੀ ਵਿਚ 50 ਕਰੋੜ ਤੋਂ ਵੱਧ ਸ਼ਰਧਾਲੂ ਆਸਥਾ ਦੀ ਡੁੱਬਕੀ ਲਾ ਚੁੱਕੇ ਹਨ। ਭਾਰਤ ਦੀ ਕੁੱਲ ਆਬਾਦੀ ‘ਚੋਂ 110 ਕਰੋੜ ਨਾਗਰਿਕ ਸਨਾਤਨ ਧਰਮ ਦੇ ਪੈਰੋਕਾਰ ਹਨ ਅਤੇ ਉਨ੍ਹਾਂ ‘ਚੋਂ 50 ਕਰੋੜ ਤੋਂ ਵੱਧ ਨਾਗਰਿਕਾਂ ਵੱਲੋਂ ਸੰਗਮ ਵਿਚ ਪਵਿੱਤਰ ਇਸ਼ਨਾਨ ਮਨੁੱਖੀ ਕਦਰਾਂ-ਕੀਮਤਾਂ ਦਾ ਸਰਵੋਤਮ ਪ੍ਰਗਟਾਵਾ ਹੈ ਅਤੇ ਮਹਾਨ ਸਨਾਤਨ ਵਿਚ ਦ੍ਰਿੜ੍ਹ ਵਿਸ਼ਵਾਸ ਦਾ ਪ੍ਰਤੀਕ ਹੈ। ਅਸਲ ਅਰਥਾਂ ਵਿਚ ਇਹ ਭਾਰਤ ਦੇ ਲੋਕ ਆਸਥਾ ਦਾ ਅੰਮ੍ਰਿਤਕਾਲ ਹੈ।

ਮਹਾਕੁੰਭ ਮੇਲਾ ਪ੍ਰਸ਼ਾਸਨ, ਸਥਾਨਕ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਸਫ਼ਾਈ ਸੇਵਕਾਂ, ਸਵੈ-ਸੇਵੀ ਸੰਸਥਾਵਾਂ ਅਤੇ ਧਾਰਮਿਕ ਸੰਸਥਾਵਾਂ, ਮਲਾਹਾਂ ਅਤੇ ਮਹਾਕੁੰਭ ਨਾਲ ਜੁੜੇ ਕੇਂਦਰ ਅਤੇ ਸੂਬਾ ਸਰਕਾਰ ਦੇ ਸਮੂਹ ਵਿਭਾਗਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਮਨੁੱਖਤਾ ਦੇ ਇਸ ਤਿਉਹਾਰ ਦੇ ਸਫਲ ਆਯੋਜਨ ਵਿਚ ਭਾਗ ਲੈਣ ਵਾਲੇ ਸੂਬਾ ਵਾਸੀਆਂ ਨੂੰ ਵਧਾਈ ਦਿੰਦਾ ਹਾਂ।

ਭਗਵਾਨ ਤੀਰਥਰਾਜ ਪ੍ਰਯਾਗ ਸਾਰਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ!

## ਅਮਰੀਕਾ ‘ਚ PM ਮੋਦੀ ਦਾ ਸਵਾਗਤ ਕਰਨਾ ਸਨਮਾਨ ਦੀ ਗੱਲ: ਤੁਲਸੀ ਗਬਾਰਡ



ਵਾਸ਼ਿੰਗਟਨ - ਅਮਰੀਕੀ ਰਾਸ਼ਟਰੀ ਖੁਫੀਆ ਨਿਰਦੇਸ਼ਕ (ਡੀ.ਐੱਨ.ਆਈ.) ਤੁਲਸੀ ਗਬਾਰਡ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਵਿੱਚ ਸਵਾਗਤ ਕਰਨਾ ਸਨਮਾਨ ਦੀ ਗੱਲ ਹੈ ਅਤੇ ਉਹ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਦੀ ਉਮੀਦ ਕਰ ਰਹੀ ਹੈ। ਮੋਦੀ, ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੁਵੱਲੀ ਮੁਲਾਕਾਤ ਲਈ ਅਮਰੀਕਾ ਪਹੁੰਚੇ ਸਨ ਅਤੇ ਇਸ ਤੋਂ ਕੁਝ ਘੰਟਿਆਂ ਬਾਅਦ ਹੀ ਗਬਾਰਡ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ।

ਗਬਾਰਡ ਨੇ ‘ਐਕਸ’ ‘ਤੇ ਲਿਖਿਆ, “ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਵਿੱਚ ਸਵਾਗਤ ਕਰਨਾ ਸਨਮਾਨ ਦੀ ਗੱਲ ਹੈ। ਮੈਂ ਅਮਰੀਕਾ-ਭਾਰਤ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਦੀ ਉਮੀਦ ਕਰਦੀ ਹਾਂ।“ ਗਬਾਰਡ ਨਾਲ ਮੁਲਾਕਾਤ ਤੋਂ ਬਾਅਦ ਮੋਦੀ ਨੇ ਉਨ੍ਹਾਂ ਨੂੰ ਭਾਰਤ-ਅਮਰੀਕਾ ਦੋਸਤੀ ਦਾ “ਮਜ਼ਬੂਤ ਸਮਰਥਕ” ਦੱਸਿਆ।

ਮੋਦੀ ਨੇ ਬੁੱਧਵਾਰ ਨੂੰ ‘ਐਕਸ’ ‘ਤੇ ਪੋਸਟ ਵਿਚ ਲਿਖਿਆ, “ਵਾਸ਼ਿੰਗਟਨ ਵਿੱਚ ਅਮਰੀਕੀ ਰਾਸ਼ਟਰੀ ਖੁਫੀਆ ਨਿਰਦੇਸ਼ਕ ਤੁਲਸੀ ਗੈਬਾਰਡ ਨੂੰ ਮਿਲਿਆ। ਉਨ੍ਹਾਂ ਦੀ ਨਿਯੁਕਤੀ ‘ਤੇ ਵਧਾਈ ਦਿੱਤੀ। ਭਾਰਤ-ਅਮਰੀਕਾ ਦੋਸਤੀ ਦੇ ਵੱਖ-ਵੱਖ ਪਹਿਲੂਆਂ ‘ਤੇ ਚਰਚਾ ਕੀਤੀ, ਜਿਸਦੀ ਉਹ ਹਮੇਸ਼ਾ ਇੱਕ ਮਜ਼ਬੂਤ ਸਮਰਥਕ ਰਹੀ ਹੈ।“ ਚਰਚਾ ਵਿਚ ਅੱਤਵਾਦ, ਸਾਈਬਰ ਸੁਰੱਖਿਆ ਅਤੇ ਉੱਭਰ ਰਹੇ ਖਤਰਿਆਂ ਦਾ ਮੁਕਾਬਲਾ ਕਰਨ ਲਈ ਖੁਫੀਆ ਸਹਿਯੋਗ ਵਧਾਉਣ ‘ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ। ਸੈਨੇਟ ਵੱਲੋਂ ਉਨ੍ਹਾਂ ਦੀ ਨਿਯੁਕਤੀ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ, ਗਬਾਰਡ ਨੂੰ ਬੁੱਧਵਾਰ ਨੂੰ ਓਵਲ ਦਫ਼ਤਰ ਵਿੱਚ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਵਜੋਂ ਸਹੁੰ ਚੁਕਾਈ ਗਈ।



## ਯੂਟਿਊਬਰ ਅਪੂਰਵਾ ਮਖੀਜਾ ਦੀ IIFA 2025 ‘ਚ ਐਂਟਰੀ ‘ਤੇ ਲੱਗੀ ਰੋਕ

ਮੁੰਬਈ- ਰਾਜਸਥਾਨ ਸੈਰ-ਸਪਾਟਾ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਯੂਟਿਊਬਰ ਅਪੂਰਵਾ ਮਖੀਜਾ ਨੂੰ ਆਈਫਾ ਪ੍ਰੋਗਰਾਮ ਤੋਂ ਹਟਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ, ਉਹ 20 ਫਰਵਰੀ ਨੂੰ ਉਦੈਪੁਰ ‘ਚ ਸਿਟੀ ਪੈਲੇਸ, ਅਮਰਾਈ ਘਾਟ ਅਤੇ ਪਿਚੋਲਾ ਝੀਲ ‘ਤੇ ਅਦਾਕਾਰ ਅਲੀ ਫਜ਼ਲ ਨਾਲ ਪ੍ਰਮੋਸ਼ਨਲ ਸ਼ੂਟ ‘ਚ ਸ਼ਾਮਲ ਹੋਣ ਵਾਲੀ ਸੀ। ਹਾਲਾਂਕਿ, ਵਿਵਾਦ ਦੇ ਕਾਰਨ ਉਸ ਦਾ ਨਾਮ ਚੁੱਪ-ਚਾਪ ਹਟਾ ਦਿੱਤਾ ਗਿਆ ਸੀ। ਇਸ ਦੇ ਪਿੱਛੇ ਦਾ ਕਾਰਨ ‘ਇੰਡੀਆਜ਼ ਗੌਟ ਲੇਟੈਂਟ’ ਦਾ ਚੱਲ ਰਿਹਾ ਵਿਵਾਦ ਦੱਸਿਆ ਜਾ ਰਿਹਾ ਹੈ।

‘ਇੰਡੀਆਜ਼ ਗੌਟ ਲੇਟੈਂਟ’ ਵਿਵਾਦ ਨਾਲ ਜੁੜਿਆ ਹੈ ਨਾਮ

‘ਇੰਡੀਆਜ਼ ਗੌਟ ਲੇਟੈਂਟ’ ਵਿਵਾਦ ਨਾਲ ਜੁੜੇ ਪ੍ਰਭਾਵਕਾਂ ਵਿਰੁੱਧ 13 ਫਰਵਰੀ ਨੂੰ ਕੋਟਾ ‘ਚ ਇੱਕ ਕੇਸ ਦਰਜ ਕੀਤਾ ਗਿਆ ਸੀ। ਉਦੋਂ ਤੋਂ ਇਹ ਮੁੱਦਾ ਰਾਜਸਥਾਨ ‘ਚ ਹੋਰ ਵਧ ਗਿਆ। ਰਿਪੋਰਟ ‘ਚ ਉਦੈਪੁਰ ‘ਚ ਰਾਜਪੂਤ ਕਰਣੀ ਸੈਨਾ ਦੇ ਡਿਵੀਜ਼ਨਲ ਮੁਖੀ ਡਾ. ਪਰਮਵੀਰ ਸਿੰਘ ਦੁਲਾਵਤ ਨੇ ਇਸ ‘ਤੇ ਇਤਰਾਜ਼ ਜਤਾਇਆ ਅਤੇ ਕਿਹਾ, “ਇਹ ਲੋਕ ਸੋਸ਼ਲ ਮੀਡੀਆ ‘ਤੇ ਆਪਣੇ ਆਪ ਨੂੰ ਸੁਪਰਸਟਾਰ ਬਣਾਉਣ ਲਈ ਅਜਿਹੇ ਵੀਡੀਓ ਜਾਰੀ ਕਰਦੇ ਹਨ।“ ਸੈਰ-ਸਪਾਟਾ ਵਿਭਾਗ ਉਨ੍ਹਾਂ ਨੂੰ ਮੇਵਾੜ ਦੀ ਧਰਤੀ ‘ਤੇ ਆਈਫਾ ਨਾਲ ਸਬੰਧਤ ਸ਼ੂਟਿੰਗ ਲਈ ਬੁਲਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕੀ ਕਿਹਾ ਕਰਣੀ ਸੈਨਾ ਦੇ ਮੁਖੀ ਨੇ

ਇਹ ਕਾਰਵਾਈ ਕਰਨੀ ਸੈਨਾ ਵੱਲੋਂ ਉਦੈਪੁਰ ‘ਚ ਅਪੂਰਵਾ ਮਖੀਜਾ ਦੀ ਆਈਫਾ ਸ਼ੂਟਿੰਗ ‘ਚ ਵਿਘਨ ਪਾਉਣ ਦੀ ਧਮਕੀ ਦੇਣ ਤੋਂ ਬਾਅਦ ਕੀਤੀ ਗਈ ਹੈ। ਕਰਣੀ ਸੈਨਾ ਨੇ ਅਸ਼ਲੀਲਤਾ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਅਤੇ ਕਿਹਾ ਕਿ ਅਜਿਹੇ ਲੋਕਾਂ ਦਾ ਨਾ ਸਿਰਫ਼ ਵਿਰੋਧ ਕੀਤਾ ਜਾਵੇਗਾ ਸਗੋਂ ਉਨ੍ਹਾਂ ਨੂੰ ਹਵਾਈ ਅੱਡੇ ‘ਤੇ ਹੀ ਰੋਕਿਆ ਜਾਵੇਗਾ। ਸੰਗਠਨ ਦੇ ਉਦੈਪੁਰ ਡਿਵੀਜ਼ਨ ਮੁਖੀ ਡਾ. ਪਰਮਵੀਰ ਸਿੰਘ ਦੁਲਾਵਤ ਨੇ ਕਿਹਾ ਕਿ ਜੇਕਰ ਇਹ ਲੋਕ ਮੇਵਾੜ ਆਉਂਦੇ ਹਨ ਤਾਂ ਉਨ੍ਹਾਂ ਦਾ ਬਾਈਕਾਟ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਇਸ ਵਿਵਾਦ ਦੇ ਕਾਰਨ, 20 ਫਰਵਰੀ ਨੂੰ ਉਦੈਪੁਰ ਦੇ ਸਿਟੀ ਪੈਲੇਸ, ਅਮਰੀ ਘਾਟ ਅਤੇ ਪਿਚੋਲਾ ਝੀਲ ‘ਤੇ ਹੋਣ ਵਾਲੀ ਸ਼ੂਟਿੰਗ ਰੱਦ ਕਰ ਦਿੱਤੀ ਗਈ ਹੈ।

ਕਈ ਵਾਰ ਵਿਵਾਦਾਂ ‘ਚ ਘਿਰ ਚੁੱਕੀ ਹੈ ਅਪੂਰਵਾ

ਅਪੂਰਵਾ ਮਖੀਜਾ ਆਪਣੀ ਸਪੱਸ਼ਟ ਅਤੇ ਬਿਨਾਂ ਫਿਲਟਰ ਕੀਤੇ ਸਮੱਗਰੀ ਲਈ ਜਾਣੀ ਜਾਂਦੀ ਹੈ। ਉਸ ਨੇ ਨਾਈਕੀ, ਐਮਾਜ਼ਾਨ, ਮੇਟਾ ਅਤੇ ਮੇਬੇਲਾਈਨ ਵਰਗੇ ਬ੍ਰਾਂਡਾਂ ਨਾਲ ਕੰਮ ਕੀਤਾ ਹੈ। ਇਸ ਦੇ ਨਾਲ, ਉਸ ਨੂੰ ਫੋਰਬਸ ਦੀ ਟੌਪ 100 ਡਿਜੀਟਲ ਸੂਚੀ ‘ਚ ਸ਼ਾਮਲ ਕੀਤਾ ਗਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਉਸ ਨੂੰ ਟ੍ਰੋਲਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲ ਹੀ ‘ਚ, ਦਿੱਲੀ ਟੈਕਨੋਲੋਜੀਕਲ ਯੂਨੀਵਰਸਿਟੀ ਦੇ ਇੱਕ ਸਮਾਗਮ ‘ਚ ਉਸ ਦੀ ਦਰਸ਼ਕਾਂ ਨਾਲ ਬਹਿਸ ਵੀ ਹੋਈ ਸੀ। ਇਸ ਤੋਂ ਬਾਅਦ, ਉਸ ਦੀ ਡਿਜੀਟਲ ਸਮੱਗਰੀ ਬਾਰੇ ਚਰਚਾ ਤੇਜ਼ ਹੋ ਗਈ।




# WHITE ROSE BUILDERS

*We do not build houses, We create homes...*

## Proudly Celebrating

# 20 Years in Business



# DREAMLINE HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED